ਮਾਸਕ ੧ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਅੰਮ੍ਰਿਤਸਰ

ਗੁਰਬਾਣੀ ਇਸੁ ਜਗ ਮਹਿ ਚਾਨਣੁ, ਕਰਮਿ ਵਸੈ ਮਨਿ ਆਏ ॥

ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥

AUG 1990

ੴ ਸਤਿਗੁਰ ਪ੍ਰਸਾਦਿ॥

ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ ॥
ਸਭ ਸਿਖਨ ਕਉ ਹੁਕਮ ਹੈ ਗੁਰੂ ਮਾਨੀਓ ਗ੍ਰੰਥ ॥

## ਗੁਰੂ ਕਾ ਨਿਵਾਸ ਸ਼ਬਦ ਵਿਚ ਹੈ

ਅਗ
ਸਤ
੧
੯
੯
੦

www.AKJ.Org

# ਤ ਤ ਕ ਰਾ


| | | |
|---|---|---|
| ਧਰਮ ਦਾ ਰਾਜ ਕਿਨ੍ਹਾਂ ਕਰਨਾ ਹੈ ? | ੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ? | ੪ | ,, ,, ,, |
| 'ਦਰਸਨੁ ਹਰਿ ਦੇਖਣ ਕੈ ਤਾਈ' | ੮ | ਗਿ: ਹਰਬੰਸ ਸਿੰਘ ਜੀ ਤੇਗ |
| 'ਜਿਨਾ ਗੁਰੁ ਗੋਪਿਆ ਆਪਣਾ' | ੧੩ | ਸ਼ਬਦ-ਗੁਰ ਪ੍ਰਚਾਰ ਸਭਾ |
| 'ਬਿਨੁ ਭੈ ਕੇਹੀ ਲਾਗਿ ?' | ੧੮ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਧਿਆਨ–ਗੁਰ ਸ਼ਬਦ ਦੀ ਧੁਨੀ ਨਾਲ (੩) | ੨੧ | ਪ੍ਰਿੰਸੀਪਲ ਸਜਣ ਸਿੰਘ ਜੀ |
| ਗੁਰੂ ਗ੍ਰੰਥ ਸਾਹਿਬ ਦੀ ਵਡਿਆਈ (ਕਾਵਿ) | ੨੪ | ,, ,, ,, |
| ਗੁਰਾਂ ਦਾ ਰੂਪ, ਧੁਰਾਂ ਦੀ ਬਾਣੀ (ਕਵਿਤਾ) | ੨੫ | ਸ: ਸੰਤਾ ਸਿੰਘ ਜੀ ਆਜਿਜ਼ |
| ਬਾਣੀ ਰਚੀ ਸੁਖਮਨੀ ( ,, ) | ੨੬ | ਸ: ਅਤਰ ਸਿੰਘ ਜੀ ਨੀਰ |
| ਕੇਸ ਗੁਰੂ ਕੀ ਮੋਹਰ ( ,, ) | ੨੬ | ਸ: ਅਮਰਜੀਤ ਸਿੰਘ ਰਾਹੀ |
| ਭੂਰਿਆਂ ਵਾਲੇ ਰਾਜੇ ਕੀਤੇ (੧੦) | ੨੭ | ਕੈਪਟਨ ਸਵਰਨ ਸਿੰਘ ਜੀ |
| ਧਉਲੁ ਧਰਮੁ ਦਇਆ ਕਾ ਪੂਤੁ | ੩੪ | ਪ੍ਰੋਫੈਸਰ ਪਿਆਰਾ ਸਿੰਘ ਜੀ ਪਦਮ |
| ਪੰਜਾਬ ਇਤਿਹਾਸ ਦੀ ਇਕ ਘਟਨਾ | ੩੭ | ਉਲਥਾਕਾਰ ਪ੍ਰਿੰ: ਨਾਹਰ ਸਿੰਘ ਜੀ |
| ਸਤਿਗੁਰੂ ! ਕਲਜੁਗ ਦੇ ਤੱਤੇ ਝੋਲਿਆਂ ਤੋਂ ਬਚਾਓ | ੪੦ | – – – |
| ਕੇਸ ਢੱਕ ਕੇ ਰਖਣੇ ਜ਼ਰੂਰੀ ਹਨ | ੪੧ | – – – |
| ਸਿਖ ਸਮਾਜ ਸੁਧਾਰ ਸੁਸਾਇਟੀ ਵਲੋਂ ਬੇਨਤੀ | ੪੨ | – – – |


ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ੨੧ ਅਗਸਤ

ਸ੍ਰੀ ਗੁਰੂ ਅਰਜਨ ਦੇਵ ਜੀ ਗੁਰਿਆਈ ੨੨ ਅਗਸਤ ਸ੍ਰੀ ਗੁਰੂ ਰਾਮਦਾਸ ਜੀ ਜੋਤੀ ਜੋਤਿ ੨੩ ਅਗਸਤ

## 'ਸੂਰਾ' ਦੇ ਚੰਦੇ ਤੇ ਬਕਾਏ ਅ: ਲਾਈਫ਼ ਮੈਂਬਰ ਦੇ ਕੇ ਰਸੀਦ ਲਓ

੧ ਲੁਧਿਆਣਾ–ਗਿਆਨੀ ਅਜੀਤ ਸਿੰਘ ਜੀ, ਵਿਯੋਗੀ ਨਿਕੇਤਨ, ਗਲੀ ਨੰਬਰ ੭, ਫੀਲਡ ਗੰਜ

੨. ਪਟਿਆਲਾ –ਪ੍ਰੋਫੈਸਰ ਗੁਰਮੁਖ ਸਿੰਘ ਜੀ, ੭੯–ਇੰਦਰਪੁਰੀ ਕਾਲੋਨੀ, ਸਰਹੰਦ ਰੋਡ

੩. ਜਲੰਧਰ – ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ

੪. ਹੁਸ਼ਿਆਰਪੁਰ – ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ

੫. ਚੰਡੀਗੜ੍ਹ ਤੇ ਮੋਹਾਲੀ—ਫੌਜਿੰਦਰ ਸਿੰਘ, ੫੩੨/੩-ਏ ਫੇਜ਼, ਐਸ.ਏ.ਐਸ. ਨਗਰ, ਮੋਹਾਲੀ

੬. ਜ਼ਿਲਾ ਸੰਗਰੂਰ – ਪਿੰਡ ਰੋਹੀੜਾ (ਕੁਪ ਘਲੂਘਾਰਾ) ਭਾਈ ਦਰਸ਼ਨ ਸਿੰਘ ਜੀ ਦਰਸ

੭. ਫ਼ਰੀਦਾਬਾਦ - (ਹਰਿਆਣਾ) ਭਾਈ ਮੋਹਨ ਸਿੰਘ ਜੀ, ਕੋਠੀ ਨੰਬਰ ੧੧੨੯, ਸੈਕਟਰ ੧੫

੮. ਦਿੱਲੀ – ਭਾਈ ਹਰਦਿਤ ਸਿੰਘ ਜੀ, ਏ–੩੫ ਫ਼ਤਹ ਨਗਰ

੯. ਸਾਰੇ ਸਮਾਗਮਾਂ ਸਮੇਂ – ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਸੀ ਨਗਰੀ, ਫ਼ੀਰੋਜ਼ਪੁਰ ਸ਼ਹਿਰ

੧੦. ਅੰਮ੍ਰਿਤਸਰ - ਸਿੰਘ ਬ੍ਰਦਰਜ਼, ਬਾਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ ੪੭੮੭


ਲਾਈਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੩-੧-੯੦ ਨੂੰ ਪ੍ਰਕਾਸ਼ਤ ਕੀਤਾ।



www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

ਸਾਲਾਨਾ ਚੰਦਾ

| | |
|---|---|
| ਦੇਸ | ੨੦-੦੦ |
| ਇਕ ਪਰਚਾ | ੨-੦੦ |

ਪਰਦੇਸ (ਸਾਰੇ ਦੇਸ)

ਸਾਲਾਨਾ ਚੰਦਾ

| | |
|---|---|
| ਸਮੁੰਦਰੀ ਡਾਕ | ੪੦-੦੦ |
| ਹਵਾਈ ਡਾਕ | ੧੦੦-੦੦ |

Foreign Subscription

| | |
|---|---|
| Sea Mail | 40-00 |
| Air Mail | 100-00 |

ਅਮਾਨਤੀ

ਲਾਈਫ ਮੈਂਬਰ

| | |
|---|---|
| ਦੇਸ | ੨੦੦-੦੦ |

ਪਰਦੇਸ (ਸਾਰੇ ਦੇਸ)

| | |
|---|---|
| ਸਮੁੰਦਰੀ ਡਾਕ | ੪੦੦-੦੦ |
| ਹਵਾਈ ਡਾਕ | ੧੦੦੦-੦੦ |

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੪ ਅਗਸਤ ੧੯੯੦ ਅੰਕ ੮


# ਧਰਮ ਦਾ ਰਾਜ ਕਿਨ੍ਹਾਂ ਕਰਨਾ ਹੈ ?

ਇਹ ਅਜ਼ਾਦੀ ਤਿਨ੍ਹਾਂ ਨੇ ਹੀ ਕਾਇਮ ਰਖਣੀ ਹੈ ਜਿਨ੍ਹਾਂ ਨੂੰ ਰਾਜ ਕਰਨ ਦੀ ਕੋਈ ਤ੍ਰਿਸ਼ਨਾ ਨਹੀਂ, ਜਿਨ੍ਹਾਂ ਨੂੰ ਰਾਜਸੀ ਮਾਣ-ਵਡਿਆਈ ਪ੍ਰਤਿਸ਼ਟਾ ਦੀ ਕੋਈ ਲਾਲਸਾ ਨਹੀਂ, ਜਿਨ੍ਹਾਂ ਦੇ ਦਿਲੋ-ਦਿਮਾਗ਼ ਅੰਦਰਿ ਫੋਕੀ ਲੀਡਰੀ ਵਜ਼ੀਰੀ ਅਮੀਰੀ ਦਾ ਮੇਨੀਆ (Mania) ਨਹੀਂ ਲਗਿਆ ਹੋਇਆ। ਰਾਜ-ਗਰਦੀ ਮਿਟਾਉਣ ਲਈ, ਜ਼ੁਲਮ ਤੇ ਜਬਰ ਨੂੰ ਨੇਸਤੋ-ਨਾਬੂਦ ਕਰਨ ਲਈ, ਦੁਸ਼ਟਾਂ ਉਤਪਾਤੀਆਂ ਸਕਲ ਮਲੇਛਾਂ ਨੂੰ ਧਰਮ-ਯੁੱਧ ਕਰ ਕੇ ਖੈ ਕਰਨ ਦਾ ਸੱਚਾ ਤੇ ਸੁੱਚਾ ਚਾਉ ਉਮਾਉ ਹੈ। ਇਹ ਚਾਉ ਉਮਾਉ ਉਨ੍ਹਾਂ ਧਰਮੀ ਜੀਉੜਿਆਂ ਦੇ ਅੰਦਰ ਹੀ ਹੁੰਦਾ ਹੈ, ਜੋ ਪ੍ਰਮਾਰਥੀ ਪ੍ਰੇਮ ਨਾਲ ਪ੍ਰੋਤੇ ਹੋਏ ਪ੍ਰੀਤਮ ਪ੍ਰਮਾਤਮਾ ਨਾਲ ਇਕ-ਮਿਕ ਹੋਏ-ਵੇ ਹੁੰਦੇ ਹਨ, ਅਤੇ ਜਿਨ੍ਹਾਂ ਦੇ ਹਿਰਦੇ ਨਿਸ਼ਕਾਮਤਾ ਪੂਰਤ ਪ੍ਰੇਮਾ-ਭਗਤੀ ਨਾਲ ਬੇਧੇ ਹੋਏ ਹੁੰਦੇ ਹਨ :-

ਜਿਨ ਸਰਧਾ ਰਾਮ ਨਾਮਿ ਲਾਗੀ ਤਿਨ੍ਹ ਦੂਜੈ ਚਿਤੁ ਨ ਲਾਇਆ ਰਾਮ ॥
ਜੇ ਧਰਤੀ ਸਭ ਕੰਚਨੁ ਕਰਿ ਦੀਜੈ ਬਿਨੁ ਨਾਵੈ ਅਵਰੁ ਨ ਭਾਇਆ ਰਾਮ ॥੭॥ (ਪੰਨਾ ੪੪੪)

ਅਜਿਹੇ ਕੰਚਨ ਮਾਟੀ ਸਮਾਨ ਕਰਿ ਜਾਣਨ ਵਾਲੇ ਨਿਰੰਕਾਰੀ ਸ੍ਰਿਸ਼ਤ (ਖ਼ਸਲਤ) ਵਾਲੇ ਜਨਾਂ ਦੀ ਜਨਤਾ (ਕੌਮ) ਹੀ ਧਰਮ ਦਾ ਰਾਜ ਕਰ ਸਕਦੀ ਹੈ।

[ਗੁ: ਟਾਹਲੀ ਸਾਹਿਬ ਵਿਖੇ ਭਾ: ਸਾ: ਰਣਧੀਰ ਸਿੰਘ ਜੀ ਦੇ ਪ੍ਰਧਾਨਗੀ ਐਡਰੈਸ ਵਿਚੋਂ]

# ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁਤ-ਪ੍ਰਸਤੀ ਹੈ ?

[ਗੁਰਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਉਪਰੋਕਤ ਪੁਸਤਕ ਵਿਚ ਭਾਈ ਸਾਹਿਬ ਜੀ ਦੀ ਇਕ ਅੰਗਰੇਜ਼ ਡਾਕਟਰ ਨਾਲ ਉਪਰੋਕਤ ਵਿਸ਼ੇ ਤੇ ਪ੍ਰਸ਼ਨੋਤਰੀ ਦਿਤੀ ਹੋਈ ਹੈ, ਜਦੋਂ ਕਿ ਉਹ ਉਸ ਡਾਕਟਰ ਨਾਲ ਨਾਇਬ ਤਸੀਲਦਾਰੀ ਸਮੇਂ, ਉਸ ਦੇ ਪਰਸਨਲ ਅਸਿਸਟੈਂਟ ਹੋ ਕੇ, ਪਲੇਗ ਦੇ ਬੀਮਾਰਾਂ ਨੂੰ ਟੀਕੇ ਲਾਉਣ ਲਈ ਪਿੰਡਾਂ ਦਾ ਦੌਰਾ ਕਰ ਰਹੇ ਸਨ। ਐਸੇ ਇਕ ਦੌਰੇ ਸਮੇਂ ਇਕ ਪਿੰਡ ਦੇ ਲਾਂਭੇ ਇਕ ਰਹਿਤੀਏ ਭਾਈ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਸੀ। ਭਾਈ ਸਾਹਿਬ ਦੀ ਉਧਰ ਦ੍ਰਿਸ਼ਟੀ ਪੈਣ ਸਾਰ ਉਹ ਘੋੜਿਓਂ ਉਤਰ ਪਏ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਚਰਨੀਂ ਜਾ ਢਠੇ ਅਤੇ ਸਤਿਕਾਰ ਸਹਿਤ ਦੋਇ ਹੱਥ ਜੋੜ ਕੇ ਨਿਵ ਕੇ ਮੱਥਾ ਟੇਕਿਆ। ਜਦ ਮੁੜ ਘੋੜਿਆਂ ਤੇ ਸਵਾਰ ਹੋ ਕੇ ਚਲੇ ਤਾਂ ਰਸਤੇ ਵਿਚ ਇਸ ਵਿਸ਼ੇ ਤੇ ਜੋ ਸਵਾਲ ਜਵਾਬ ਹੋਏ, ਉਸ ਵਿਚੋਂ ਅੰਸ਼ ਮਾਤਰ ਭਾਈ ਸਾਹਿਬ ਜੀ ਦੇ ਉਤਰ ਹੇਠਾਂ ਦਿਤੇ ਜਾ ਰਹੇ ਹਨ।

—ਸੰਪਾਦਕ

ਓਹ, ਜਿਸ ਨੂੰ ਆਪ ਵੱਡਾ ਜਲੂਸੀ ਸਮਾਨ ਦਸਦੇ ਹੋ, ਓਹ ਅਸਾਡੇ ਸੱਚੇ ਇਸ਼ਟ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ, ਅਤੇ ਮੇਰਾ ਇਸ ਬਿਧ ਝੁਕਣਾ ਅਤੇ ਨਿਵ ਕੇ ਮੱਥਾ ਟੇਕਣਾ, ਆਪਣੇ ਇਸ਼ਟ ਗੁਰਦੇਵ ਦਾ ਸੱਚਾ ਸਨਮਾਨ ਅਤੇ ਸਤਿਕਾਰ ਕਰਨਾ ਹੈ, ਜੈਸਾ ਕਿ ਸਿੱਖ ਮੱਤ ਅੰਦਰ ਪ੍ਰਚਲਤ ਅਤੇ ਮਾਨਨੀਕ ਤਰੀਕਾ ਹੈ।

ਸਿਖ ਮੱਤ ਦਾ ਇਹੋ ਇਕ ਵਿਸ਼ੇਸ਼ ਵਾਧਾ ਹੈ, ਜਿਸ਼ ਦੇ ਕਾਰਨ ਆਨ-ਮਤ ਸਿੱਖ ਮਤ ਦੇ ਮੂਹਰੇ ਮਾਤ ਹਨ। ਕੇਵਲ ਇਹੋ ਵਧੀਕ ਵਡਿਆਈ ਸਿੱਖ ਮੱਤ ਦੀ ਹੈ ਜਿਸ ਦੇ ਹੋਣ ਕਰਕੇ, ਸਿੱਖ ਧਰਮ ਸਗਲ ਧਰਮਾਂ ਵਿਖੇ ਸਰੇਸ਼ਟ ਧਰਮ ਹੈ, ਅਤੇ ਜਿਸ ਦੇ ਤੁਫ਼ੈਲ ਕੋਈ ਧਰਮ ਭੀ ਸਿਖ ਧਰਮ ਦੇ ਲਵੇ ਨਹੀਂ ਲਗ ਸਕਦਾ। ਇਸੇ ਇਕੋ ਅਪਾਰ ਗੁਣ ਦੇ ਨਾ ਹੋਣ ਕਰਕੇ ਹੀ ਆਨ-ਮਤ ਧਰਮ-ਕਲਾ ਤੋਂ ਹਿਠਾਹਾਂ ਡਿਗ ਰਹੇ ਹਨ ਅਤੇ ਧਰਮ ਸਦਾਉਣ ਦੇ ਥਾਉਂ ਸਗੋਂ ਪੂਰਨ ਅਧਰਮ ਵਾਲੀ ਬਿਵਸਥਾ ਨੂੰ ਜਾ ਅਪੜੇ ਹਨ।

ਸਿੱਖਾਂ ਉਤੇ ਬੁੱਤ-ਪ੍ਰਸਤੀ ਦੇ ਦੋਹਾਂ ਭਿੰਨ-ਭਿੰਨ ਆਪ ਦੇ ਪ੍ਰਗਟ ਕੀਤੇ ਲਖਸ਼ਣਾਂ ਮੂਜਬ ਬੁੱਤ-ਪ੍ਰਸਤੀ ਦਾ ਦੂਸ਼ਨ ਨਹੀਂ ਘਟ ਸਕਦਾ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾ ਹੀ ਤਾਂ ਕੋਈ ਜੜ੍ਹ-ਵਸਤੂ ਹਨ ਅਤੇ ਨਾ ਹੀ ਪਰਮੇਸ਼ਰ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭਿੰਨ-ਭੇਦ ਹੈ। ਆਪ ਦੇ ਉਤੇ ਇਹ ਗੁਹਜ ਭੇਦ ਪ੍ਰਗਟ ਨਹੀਂ ਅਤੇ ਨਾ ਹੀ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੂੜ੍ਹ ਅਤੇ ਅਗਾਧ ਗੁਣਾਂ ਦਾ ਪਤਾ ਹੈ। ਜੇ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਅਜਿਹੇ ਗੁਣ ਗੁੰਫਤ ਵਿਦਮਾਨ ਹੋਏ-ਵੇ ਭਾਸ ਜਾਣ, ਜਿਨ੍ਹਾਂ ਕਰਕੇ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਰਮੇਸ਼ਰ ਤੋਂ ਰੰਚਕ ਭੀ ਭਿੰਨਤਾ ਨਾ ਭਾਸੇ, ਤਦ ਆਪ ਕਦੇ ਬੁੱਤ-ਪ੍ਰਸਤੀ ਦਾ ਦੂਸ਼ਨ ਸਿੱਖਾਂ ਅਤੇ ਸਿਖ ਮੱਤ ਉਤੇ ਨਾ ਅਰੋਪੋ।

ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਨਮਾਨ ਜੋ ਕਰਦੇ ਹਨ, ਉਨ੍ਹਾਂ ਦਾ ਇਹ ਸਨਮਾਨ ਉਨ੍ਹਾਂ ਅਗਾਧ ਅਤੇ ਅਪਰੰਪਰ ਗੁਣਾਂ ਕਰਕੇ ਹੈ, ਜਿਨ੍ਹਾਂ ਦਾ ਪੁੰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਸਿਖ ਗੁਣ-ਪ੍ਰਸਤ ਹਨ, ਬੁੱਤ-ਪ੍ਰਸਤ ਨਹੀਂ, ਅਤੇ ਸ੍ਰੀ ਗੁਰੂ ਗ੍ਰੰਥ ਜੀ ਦਾ ਅਦਬ ਸਨਮਾਨ ਕਰਨਾ ਬੁੱਤ-ਪ੍ਰਸਤੀ ਨਹੀਂ।

ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਣਾਂ ਦਾ ਪਤਾ ਨਾ ਹੋਵੇ, ਉਹ ਯਾ ਤਾਂ ਕੋਰਾ ਸਿੱਖ ਹੈ ਯਾ ਭੇਖੀ ਹੈ। ਕੋਈ ਪ੍ਰਾਣੀ ਓਦੋਂ ਤੀਕਰ ਸਿਖ ਬਣ ਹੀ ਨਹੀਂ ਸਕਦਾ, ਜਦ ਤੀਕਰ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੱਚੀ ਸਿਖਿਆ ਨੂੰ ਧ੍ਰਾਰਨ ਨਾ ਕਰ ਲਵੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੱਚੀ ਸਿਖਿਆ-ਮਈ ਅਮੁਲ ਅਤੇ ਅਪਾਰ ਗੁਣਾਂ ਦਾ ਖ਼ਜ਼ਾਨਾ ਨਾ ਨਿਸਚਿਤ ਕਰ ਲਵੇ, ਅਤੇ ਇਸ ਬਿਧ ਨਿਸਚਿਤ ਕਰਦਾ ਹੋਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੱਚਾ ਗੁਰੂ ਤਸਲੀਮ ਨਾ ਕਰ ਲਵੇ।

ਜੋ ਪੁਰਸ਼ ਸਿਖ ਮੱਤ ਦੇ ਅਸੂਲਾਂ ਨੂੰ ਧਾਰਨ ਨਹੀਂ ਕਰਦਾ ਅਤੇ ਐਵੇਂ ਹੀ ਆਪਣੇ ਆਪ ਨੂੰ ਸਿਖ


www.AKJ.Org

ਸਦਵਾਉਂਦਾ ਫਿਰਦਾ ਹੈ, ਉਹ ਖ਼ੁਦਗ਼ਰਜ਼ ਹੈ। ਖ਼ੁਦਗਰਜ਼ ਆਦਮੀ ਦੀਨਦਾਰ ਕਦੇ ਨਹੀਂ ਹੋ ਸਕਦਾ। ਅਤੇ ਜਿਤਨੇ ਭੀ ਬੇਦੀਨ ਪੁਰਸ਼ ਦੁਨੀਆ ਵਿਖੇ ਹਨ, ਸਭ ਦੇ ਸਭ ਖ਼ੁਦਗ਼ਰਜ਼ ਹੋਣ ਦੇ ਕਾਰਨ ਬੁੱਤ-ਪ੍ਰਸਤ ਹਨ। ਜਿਸ ਦਾ ਦੀਨ ਈਮਾਨ (ਧਰਮ) ਕਾਇਮ ਨਹੀਂ, ਉਹ ਇਕ ਨਿਰੰਕਾਰ ਸਿਰਜਨਹਾਰ ਦਾਤਾਰ ਅਕਾਲ ਪੁਰਖ ਤੋਂ ਬੇਮੁਖ ਹੁੰਦਾ ਹੋਇਆ, ਉਸ ਦੇ ਦਿਤੇ ਪਦਾਰਥਾਂ ਵਿਖੇ ਲੰਪਟ ਹੈ ਅਤੇ ਕਰਤਾਰ ਦੇ ਕੀਤੇ ਜੰਤਾਂ ਦੀ ਅਨੇਕ ਪ੍ਰਕਾਰ ਦੀ ਅਣਹੋਈ ਖ਼ੁਸ਼ਾਮਦ ਕਰਦਾ ਹੈ; ਅਤੇ ਆਪਣੀ ਗਰਜ਼ ਖ਼ਾਤਰ ਹੀ ਦਰ-ਬਦਰ ਭਟਕਦਾ ਤੇ ਧੱਕੇ ਖਾਂਦਾ ਹੈ। ਗੁਰਮਤਿ ਅਰਥਾਤ ਸਿਖ ਮੱਤ ਅੰਦਰ ਇਕ ਅਕਾਲ ਪੁਰਖ ਨੂੰ ਵਿਸਾਰ ਕੇ ਦੂਜੀ ਹੋਰ ਕਿਸੇ ਕਾਲ-ਗ੍ਰਸਤ (ਕਾਲ ਦੇ ਚੱਕਰ ਅੰਦਰ ਆਈ) ਵਸਤੂ ਵਲ ਲਗਣਾ ਹੀ ਇਕ ਪ੍ਰਕਾਰ ਦੀ ਬੁੱਤ ਪ੍ਰਸਤੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਕ ਅਕਾਲ ਪੁਰਖ ਤੋਂ ਭਿੰਨ (ਜੁਦਾ) ਦੂਸਰੀ ਵਸਤੂ ਨਹੀਂ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਅਕਾਲ ਪੁਰਖ ਦੇ ਗੁਣਾਂ ਦਾ ਪੁੰਜ ਹਨ, ਅਤੇ ਗੁਣੀ ਤੇ ਗੁਣਾਂ ਦੀ ਪਰਸਪਰ ਅਭੇਦਤਾ ਹੈ, ਅਰਥਾਤ ਗੁਣੀ ਗੁਣਾਂ ਤੋਂ ਭਿੰਨ ਨਹੀਂ ਹੁੰਦਾ ਅਤੇ ਗੁਣਾਂ ਤੋਂ ਭਿੰਨ ਗੁਣੀ ਦਾ ਸਰੂਪ (ਵਜੂਦ, being or existence) ਹੀ ਅਸੰਭਵ ਹੈ।

ਇਨ੍ਹਾਂ ਜਿਸਮਾਨੀ ਅੱਖਾਂ ਨਾਲ ਉਸ ਸਰੂਪ ਨੂੰ ਨਹੀਂ ਦੇਖਿਆ ਜਾ ਸਕਦਾ, ਨਾ ਹੀ ਇਸ ਬੁਧੀ ਜਾਂ ਅਕਲ ਨਾਲ ਉਸ ਸਰੂਪ ਨੂੰ ਦੇਖਿਆ ਜਾ ਸਕਦਾ ਹੈ। ਇਹ (ਗਿਆਨ) ਕੇਵਲ ਉਸ ਸਰੂਪ ਦੇ ਗਿਆਨ ਵਾਲੇ (ਅਥਵਾ ਗਿਆਨ ਸਪੰਨ) ਗੁਣਾਂ ਦੀ ਪ੍ਰਾਪਤੀ ਦੁਆਰਾ ਹੋ ਸਕਦਾ ਹੈ। ਅਜਿਹੇ ਗੁਣਾਂ ਦੀ ਪ੍ਰਾਪਤੀ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਹੀ ਹੋ ਸਕਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਉਨ੍ਹਾਂ ਗੁਣਾਂ ਦਾ ਖ਼ਜ਼ਾਨਾ ਹਨ, ਏਥੋਂ ਅਤੇ ਕੇਵਲ ਏਥੋਂ ਹੀ ਉਕਤ ਗੁਣਾਂ ਦੀ ਪ੍ਰਾਪਤੀ ਹੋ ਸਕਦੀ ਹੈ।

ਉਸ ਸਰੂਪ ਦਾ ਸਾਖਯਾਤ ਗਿਆਨ ਕੇਵਲ ਉਨ੍ਹਾਂ ਗੁਣਾਂ ਤੋਂ ਹੀ ਹੋ ਸਕਦਾ ਹੈ, ਜੋ ਉਸ ਸਰੂਪ ਦੀ ਅੰਸ਼ ਹੋਣ। ਉਹ ਸਰੂਪ ਕੀ! ਉਸ ਤੋਂ ਵੀ ਵਡੇ ਅਤੇ ਅਧਿਭੁਤ ਸਰੂਪ ਦਾ ਗਿਆਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਹੁੰਦਾ ਹੈ। ਉਹ ਸਰੂਪ ਅਕਾਲ ਪੁਰਖ ਦਾ ਹੈ, ਜਿਸ ਨੂੰ ਪਰਮ-ਆਤਮਾ (Divine Soul, Perfect Spirit) ਕਹੀਦਾ ਹੈ। ਇਹ ਸਰੂਪ (ਆਤਮਾ) ਉਸ ਸਰੂਪ (ਪਰਮਾਤਮਾ) ਦੀ ਅੰਸ਼ ਹੈ। ਇਸ ਅਧਿਭੂਤ ਸਰੂਪ ਦਾ ਗਿਆਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੁਆਰਾ ਹੋ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਉਸੇ ਅਧਿਭੁਤ ਸਰੂਪ ਦੇ ਗੁਣਾਂ ਦਾ ਖ਼ਜ਼ਾਨਾ ਜੁ ਹੋਏ, ਅਤੇ ਏਹਨਾਂ ਗੁਣਾਂ ਦਾ ਗਿਆਨ ਹੀ ਅਕਾਲ ਪੁਰਖ ਦੇ ਸਰੂਪ ਦਾ ਗਿਆਨ ਹੈ। ਉਹ ਅਧਿਭੁਤ ਸਰੂਪ ਆਪਣੇ ਗੁਣਾਂ ਤੋਂ ਭਿੰਨ ਨਹੀਂ। ਉਹ ਗੁਣ ਭੀ ਅਧਿਭੂਤ, ਅਦੁਤੀ ਹਨ। ਤਾਂ ਤੇ ਏਨ੍ਹਾਂ ਹੀ ਅਧਿਭੁਤ ਅਤੇ ਅਦੁਤੀ ਗੁਣਾਂ ਦੁਆਰਾ ਉਸ ਅਧਿਭੁਤ ਸਰੂਪ ਦਾ ਗਿਆਨ ਹੋ ਸਕਦਾ ਹੈ, ਅਰਥਾਤ, ਏਹਨਾਂ ਹੀ ਅਧਿਭੁਤ ਅਤੇ ਅਦੁਤੀ ਗੁਣਾਂ ਦਾ ਗਿਆਨ ਉਸ ਅਧਿਭੁਤ ਅਤੇ ਅਦੁਤੀ ਸਰੂਪ ਦਾ ਗਿਆਨ ਹੈ, ਅਥਵਾ, ਇਉਂ ਕਹਿਣਾ ਭੀ ਠੀਕ ਫਬਦਾ ਹੈ ਕਿ ਇਨ੍ਹਾਂ ਅਧਿਭੁਤ ਅਤੇ ਅਦੁਤੀ ਗੁਣਾਂ ਦਾ ਜੋ ਗਿਆਨ ਹੈ, ਓਹੀ ਅਧਿਭੁਤ ਅਤੇ ਅਦੁਤੀ ਸਰੂਪ ਹੈ।

ਤਾਂ ਤੇ ਸਿਧ ਹੋਇਆ ਕਿ ਅਕਾਲ ਪੁਰਖ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਭਿੰਨ ਨਹੀਂ, ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ-ਪ੍ਰਤਿਸ਼ਟਾ ਕੇਵਲ ਅਕਾਲ ਪੁਰਖ ਦੀ ਹੀ ਪ੍ਰਸਤਸ਼ (worship) ਹੈ। ਬਸ, ਸਿਖ ਇਕ ਅਕਾਲ ਪੁਰਖ ਦੇ ਹੀ ਉਪਾਸ਼ਕ ਹਨ ਅਤੇ ਸਿਖ ਮਤ ਅਰਥਾਤ ਗੁਰਮਤਿ ਅੰਦਰ ਇਕ ਅਕਾਲ ਪੁਰਖ ਤੋਂ ਛੁਟ ਦੁਤੀ ਉਪਾਸ਼ਨਾ ਹੀ ਨਹੀਂ। ਜਦ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਉਪਾਸ਼ਨਾ ਇਕ ਅਕਾਲ ਪੁਰਖ ਦੀ ਹੀ ਉਪਾਸ਼ਨਾ ਹੈ, ਤਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਉਪਾਸ਼ਨਾ ਨੂੰ ਬੁੱਤ-ਪ੍ਰਸਤੀ ਦਸਣਾ ਨਿਰਾ ਭਰਮ-ਭੁਲਾਵਾ ਤੇ ਅਗਿਆਨੀਆਂ ਵਾਲਾ ਕੂੜਾ ਦਾਅਵਾ ਹੈ।

## ਸ੍ਰੀ ਗੁਰੂ ਗ੍ਰੰਥ ਸਾਹਿਬ ਅਕਾਲ ਪੁਰਖ ਦੇ ਗੁਣਾਂ ਦਾ ਪੁੰਜ ਹੈ–

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਕਾਲ ਪੁਰਖ ਦੇ ਗੁਣਾਂ ਦਾ ਪੁੰਜ ਹਨ। ਗੁਰੂ ਨਾਨਕ ਦਸਮੇਸ਼ ਜੀ ਗੋਬਿੰਦ ਰੂਪ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਸਾਂ ਹੀ ਪਾਤਸ਼ਾਹੀਆਂ ਦਾ ਸੱਚਾ ਸਰੂਪ ਹਨ। ਅਕਾਲ ਪੁਰਖ, ਸੰਯੁਕਤ


www.AKJ.Org

(ਸਣੇ) ਸਾਰੇ ਨਿਜ ਗੁਣਾਂ ਦੇ, ਗੁਰੂ ਸਾਹਿਬਾਨ ਦੇ ਜਾਮਿਆਂ ਅੰਦਰ ਹਲੂਲ ਕਰਿ ਆਇਆ ਹੈ ਅਤੇ ਬਾਰੰਬਾਰੀ ਹਲੂਲ ਕਰਿ ਆਇਆ ਹੈ। ਅਕਾਲ ਪੁਰਖ ਦੇ ਗੁਰੂ ਜਾਮਿਆਂ ਅੰਦਰ ਹਲੂਲ ਕਰਿ ਆਉਣ ਕਰਕੇ ਹੀ, ਗੁਰੂ ਸਾਹਿਬਾਨ ਨੇ ਆਪਣੇ ਨਿਜ ਸਰੂਪਾਂ ਨੂੰ ਅਕਾਲ ਪੁਰਖ ਦੇ ਮਹਲ ਕਰਕੇ ਵਰਨਣ ਕੀਤਾ ਹੈ। ਏਸੇ ਕਰਕੇ ਮਹਲਾ ਪਹਿਲਾ, ਮਹਲਾ ਦੂਜਾ, ਮਹਲਾ ਤੀਜਾ, ਆਦਿ ਨਾਵਾਂ ਨਾਲ ਗੁਰੂ ਪਾਤਸ਼ਾਹੀਆਂ ਸੰਕੇਤਕ ਹਨ। ਅਕਾਲ ਪੁਰਖ ਦੇ ਸਭ ਗੁਣ, ਸਮੁਚੇ ਗੁਣ ਹਰੇਕ ਗੁਰੂ ਜਾਮੇ ਅੰਦਰ ਆਣ ਉਤਰੇ, ਉਤਰਦੇ ਰਹੇ ਹਨ। ਅਕਾਲ ਪੁਰਖ ਸਮੁੱਚਾ ਹੀ ਜਦ ਗੁਰੂ ਜਾਮੇ ਅੰਦਰ ਆਣ ਵਰਤਦਾ ਹੈ, ਤਦ ਅਕਾਲ ਪੁਰਖ ਦੇ ਸਮੁੱਚੇ ਗੁਣ ਨਾਲ ਹੀ ਆਣ ਅਵਤਰੇ। ਜਦ ਹਰੇਕ ਗੁਰੂ ਜਾਮੇ ਅੰਦਰ ਅਕਾਲ ਪੁਰਖ, ਸਮੇਤ ਆਪਣੇ ਗੁਣਾਂ ਦੇ, ਆਣ ਉਤਰਿਆ ਤਾਂ ਦਸਾਂ ਗੁਰੂ ਸਾਹਿਬਾਨ ਦੇ ਸਚੇ ਸਾਖਸ਼ਾਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਅਕਾਲ ਪੁਰਖ ਸਮੁੱਚਾ ਹੀ ਆਪਣੇ ਸਮੁੱਚੇ ਗੁਣਾਂ ਸੰਯੁਕਤ ਨਿਰਸੰਦੇਹ ਆਣ ਅਵਤਰਿਆ। ਫੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਕਾਲ ਪੁਰਖ ਦੇ ਗੁਣਾਂ ਦਾ ਪੁੰਜ ਨਾ ਮੰਨਣਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਸਾਂ ਗੁਰੂ ਪਾਤਸ਼ਾਹੀਆਂ ਦੇ ਸਰੂਪ ਮੰਨਣ ਵਾਲੀ ਗੱਲ ਤੋਂ ਮੁਨਕਰ ਹੋਣਾ ਹੈ। ਧੁਰ ਕੀ ਬਾਣੀ, ਅੰਮ੍ਰਿਤ ਸਰੂਪ ਪਾਰਸ ਬਾਣੀ, ਵਾਹਿਗੁਰੂ ਅਕਾਲ ਪੁਰਖ ਦੇ ਅਕਾਲੀ ਗੁਣਾਂ ਦਾ ਸਰੂਪ ਹੈ, ਅਰਥਾਤ, ਅਕਾਲ ਪੁਰਖ ਦੇ ਅੰਤਰੀਵੀ ਤੱਤ ਗੁਣ ਇਹ ਧੁਰ ਕੀ ਬਾਣੀ ਹੈ, ਨਾ ਕਿ ਗੁਣਾਂ ਦਾ ਬਿਆਨ (description)! ਅਕਾਲ ਪੁਰਖ ਦੇ ਇਹ ਗੁਰਬਾਣੀ ਰੂਪੀ ਅਕਾਲੀ ਗੁਣ ਧੁਰੋਂ ਬਣੇ ਬਣਾਤੇ, ਗੁਰੂ ਸਾਹਿਬ ਦੇ ਪਵਿਤਰ ਪਾਰਸ-ਜਾਮਿਆਂ ਅੰਦਰ ਉਤਰੇ। ਸੋਈ ਬਣੇ ਬਣਾਤੇ ਗੁਰੂ ਜਾਮਿਆਂ ਤੋਂ ਹਲੂਲ ਕਰ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰੂ ਜਾਮੇ ਅੰਦਰ ਆਣ ਪਰਵੇਸ਼ ਹੋਏ। ਤਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਕਾਲ ਪੁਰਖ ਦੇ ਗੁਣਾਂ ਦਾ ਪੁੰਜ ਨਾ ਮੰਨਣਾ ਅਤੇ ਗੁਣਾਂ ਦਾ ਮਹਿਜ਼ ਬਿਆਨ ਯਾ ਅਨੁਵਾਦ (description) ਆਖਣਾ ਸਖ਼ਤ ਗਲਤ-ਫ਼ਹਿਮੀ ਵਾਲਾ ਅਗਿਆਨ ਹੈ।

ਪਾਰਸ ਰੂਪ ਗੁਰਬਾਣੀ, ਗੁਰਾਂ ਦੇ ਮੁਖਾਰਬਿੰਦ ਤੋਂ ਉਚਰੀ ਹੋਈ ਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਜਾਮੇ ਅੰਦਰ ਉਕਰੀ ਹੋਈ, ਸ਼ਰਧਾ ਪੁੰਜ ਨਾਮ ਕਮਾਈ ਵਾਲੇ ਗੁਰਮੁਖ ਜਨਾਂ ਨੂੰ ਤਾਂ ਐਨ (ਪਰਤੱਖ) ਅਕਾਲ ਪੁਰਖ ਦੇ ਗੁਣਾਂ ਦਾ ਪੁੰਜ ਹੀ ਪ੍ਰਤੀਤ ਹੁੰਦੀ ਹੈ। ਨਾਮ-ਕਮਾਈ ਤੋਂ ਘੁਥੇ ਅਤੇ ਗੁਰਮੁਖਾਂ ਵਾਲੀ ਅਨਿੰਨ ਸ਼ਰਧਾ ਤੋਂ ਊਣੇ ਖੁਸ਼ਕ ਫ਼ਿਲਾਸਫ਼ਰਾਂ ਨੂੰ ਇਹ ਗੁਰਬਾਣੀ ਰੂਪੀ ਗੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਜਾਮੇ ਅੰਦਰ ਉਕਰੇ (ਲਿਖੇ) ਹੋਏ ਹੋਣ ਕਰਕੇ ਗੁਣਾਂ ਦਾ ਬਿਆਨ (ਡੇਸਕ੍ਰਿਪਸ਼ਨ) ਹੀ ਭਾਸਦੇ ਹਨ।

ਧੁਰ ਕੀ ਬਾਣੀ ਬਾਣ ਰੂਪ ਹੈ, ਨਾ ਕਿ ਬਿਆਨ ਰੂਪ। ਇਹ ਅੰਮ੍ਰਿਤ ਰੂਪ ਪਾਰਸ ਕਲਾਇਣੀ, ਪਾਰਸ-ਰਸਾਇਣੀ ਗੁਰਬਾਣੀ ਅਕਾਲ ਪੁਰਖ ਜੋਤੀ ਸਰੂਪ ਦੀ ਤੇਜ ਪੁੰਜ ਦਿੱਬਤਾ ਦਾ ਜੋਤਿ-ਕ੍ਰਿਸ਼ਮੀ-ਉਤਾਰਾ ਹੈ, ਪਰ ਇਸ ਪਾਰਸ ਨੂੰ ਪਰਸਿਆਂ ਹੀ ਇਸ ਜੋਤਿ ਕ੍ਰਿਸ਼ਮਤਾ ਦਾ ਨੂਰ-ਕਿਰਨੀ-ਦਿਬ ਦਰਸ਼ਾਰਾ ਹੁੰਦਾ ਹੈ।

ਗੁਰਬਾਣੀ ਜੋਤਿ ਪੁੰਜ ਹੈ। ਗੁਰਬਾਣੀ ਦੀ ਕ੍ਰਿਸ਼ਮ-ਕਮਾਈ ਕੀਤਿਆਂ ਨਾ-ਕੇਵਲ ਗੁਰਬਾਣੀ ਹੀ ਜੋਤਿ ਸਰੂਪ ਵਿਕਾਸ ਵਿਚ ਪ੍ਰਤਿਬਿੰਬਤ ਹੋਇ ਆਉਂਦੀ ਹੈ, ਬਲਕਿ ਅਕਾਲ ਪੁਰਖ ਦਾ ਲੁਪਤ ਗੁਪਤ ਜੋਤੀ ਸਰੂਪ ਭੀ ਨਭ ਘਟ ਅੰਤਰ ਹੀ ਤੇਜਸ੍ਵੀ ਜੋਤਿ ਪ੍ਰਤਿਬਿੰਬਤ ਪ੍ਰਜਵੱਲਤ ਕਰਿ ਆਉਂਦਾ ਹੈ। ਅਕਾਲ ਪੁਰਖ ਦੇ ਜੋਤਿ ਸਰੂਪ ਹੋਣ ਦੀ ਤੱਤ ਪ੍ਰਤੀਤ ਗੁਰਬਾਣੀ ਰੂਪੀ ਗੁਣਾਂ ਦੇ ਪਰਤਾਪ ਕਰਕੇ ਹੀ ਜ਼ਹੂਰ ਵਿਚ ਆਉਂਦੀ ਹੈ। ਅਕਾਲ ਪੁਰਖ ਦੇ ਜੋਤੀ ਸਰੂਪ ਹੋਣ ਦਾ ਜ਼ਹੂਰ, ਗੁਰਬਾਣੀ ਰੂਪੀ ਗੁਣਾਂ ਦੇ ਨੂਰ ਪੁੰਜ ਪ੍ਰਗਟੀਆਉਣ ਪਰ ਪ੍ਰਗਟ-ਪਹਾਰੇ ਜਾਪਦਾ ਹੈ। ਤਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਸ ਬਾਣੀ ਦੇ ਕੇਵਲ ਬੋਹਿਥ ਹੀ ਨਹੀਂ, ਬਲਕਿ ਅਕਾਲ ਪੁਰਖ ਦੇ ਤੱਤ ਗੁਣਾਂ ਦਾ ਪੁੰਜ ਹਨ। ਗੁਰਬਾਣੀ ਮਹਿਜ਼ ਉਪਦੇਸ਼ ਰੂਪ ਕਥਾ ਕਹਾਣੀ-ਮਈ ਅਕਾਲ ਪੁਰਖ ਦੇ ਗੁਣਾਂ ਦਾ ਫੋਕਟ ਬਿਆਨ ਬਿਰਤਾਂਤ ਨਹੀਂ, ਬਲਕਿ ਇਹ ਗੁਰਬਾਣੀ ਅਕਾਲ ਪੁਰਖ ਦਾ ਤੱਤ ਗਿਆਨ ਹੈ। ਅਕਾਲ ਪੁਰਖ ਦੇ ਤੱਤ ਅੰਮ੍ਰਿਤ ਗੁਣ ਗੁਰਬਾਣੀ ਦੁਆਰਾ ਹੀ ਤੱਤ ਗਿਆਨ ਤੇ ਤੱਤ ਧਿਆਨ ਅੰਦਰ ਆਉਂਦੇ ਹਨ (ਜ਼ਹੂਰ ਪਜ਼ੀਰ ਹੁੰਦੇ ਹਨ)।

ਅੰਮ੍ਰਿਤ ਬਾਣੀ ਦਾ ਆਖੀ ਭਾਖੀ ਜਾਣਾ ਅੰਮ੍ਰਿਤ ਪੀਣਾ ਛਕੀਣਾ ਹੈ, ਕਿਉਂਕਿ ਇਹ ਅੰਮ੍ਰਿਤ ਬਾਣੀ


www.AKJ.Org

ਅੰਮ੍ਰਿਤ ਕਲਾ ਵਰਤਾਉਂਦੀ ਹੈ। ਇਹੋ ਹੀ ਤੱਤ ਪ੍ਰਮਾਰਥੀ ਅਕਾਲੀ ਗੁਣਾਂ ਦੀ ਤੱਤ ਵਿਲੱਖਣਤਾ ਹੈ, ਅਕਾਲ ਪੁਰਖ ਦੇ ਗੁਣਾਂ ਨੂੰ, ਅਰਥਾਤ, ਗੁਰਬਾਣੀ ਦੇ ਆਖਣ ਭਾਖਣ, ਰਟਣ ਮਾਤ੍ਰ ਵਿਚ ਹੀ ਸੱਚੀ ਸੀਤਲਤਾ ਹੈ, ਅਕਾਲ ਪੁਰਖ ਦੀ ਸੀਤਲਤਾ, ਗੁਰਬਾਣੀ ਰੂਪੀ ਗੁਣਾਂ ਦੀ ਸੀਤਲਤਾ ਨੂੰ ਪੇਖਿਆਂ ਪਰਖਿਆਂ ਹੀ ਸੀਤਲਤਾ ਹੁੰਦੀ ਹੈ। ਅਰਥਾਤ, ਸੀਤਲਤਾ ਦੀ ਸੱਤਤਾ ਨਿਸਚੇ ਕਰਾਉਂਦੀ ਹੈ।

ਸਤਿਗੁਰਾਂ ਦੀ ਸਰਬੱਗਤਾ ਤੇ ਸਮਰੱਥਤਾ ਇਸ ਗੱਲ ਦੀ ਲਖਾਇਕ ਹੈ ਕਿ ਸਤਿਗੁਰਾਂ ਨੇ ਅਕਾਲ ਪੁਰਖ ਨੂੰ ਪਰਤੱਖ ਵੇਖ ਕੇ ਹੀ, ਉਨ੍ਹਾਂ ਗੁਣਾਂ ਦਾ ਪਰਤੱਖ ਉਤਾਰਾ ਗੁਰਬਾਣੀ ਦੇ ਸਰੂਪ ਵਿਚ ਉਤਾਰਿਆ ਹੈ। ਚਾਹੇ ਅਲਪੱਗ ਬੁਧੀ ਦੇ ਬੁਧੀਵਾਨਾਂ ਨੂੰ ਇਹ ਗੁਰਬਾਣੀ ਅਕਾਲ ਪੁਰਖ ਦੇ ਗੁਣਾਂ ਦਾ ਮਹਿਜ਼ ਵਰਨਣ ਹੀ ਭਾਸੇ, ਪਰ ਵਾਸਤਵ ਵਿਚ ਤਾਂ ਇਹ ਗੁਰਬਾਣੀ ਰੂਪ ਗੁਣ ਅਕਾਲ ਪੁਰਖ ਦੇ ਤੱਤ ਅੰਤਰੀਵ ਗੁਣ ਹੀ ਹਨ, ਜੋ ਸਰਬੱਗਯ, ਸਮਰੱਥਵਾਨ ਮਹਾਂ ਪੁਰਖ, ਸਰਬੱਗ ਬੁਧੀ ਦੇ ਬੁਧੀਸ਼ਰਾਂ ਨੇ ਪਰਤੱਖ ਪੇਖੇ ਪਰਖੇ ਹਨ। ਤਿਨ੍ਹਾਂ ਦੇ ਨਿਕਟ ਅਕਾਲ ਪੁਰਖ ਦੇ ਗੁਪਤ ਲੁਪਤ ਗੁਣ (ਅਲਪੱਗ ਬੁਧੀਓਂ ਅਗੋਚਰ ਅਕਾਲੀ ਗੁਣ) ਸਾਖਸ਼ਾਤਕਾਰਤਾ ਦੀ ਸੱਤਤਾ-ਜਨਕ ਹਨ। ਜੇਹੇ ਅਕਾਲ ਪੁਰਖ ਵਿਚ ਹਨ ਤੇਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਨ। ਅਲਪੱਗ ਬੁਧੀ ਵਾਲਿਆਂ ਨੂੰ ਇਹ ਗੁਣ ਨਿਰਾ ਵਰਨਣ ਰੂਪ ਹੀ ਪ੍ਰਤੀਤ ਹੁੰਦੇ ਹਨ। ਏਹਨਾਂ ਸਰਬੱਗ ਅਕਾਲੀ ਗੁਣਾਂ ਦੀ ਸਪੱਰਸਤਾ ਨਾਲ ਬੁਧੀ ਅਲਪੱਗ ਤੋਂ ਸਰਬੱਗ ਹੋਇ ਆਵੰਦੀ ਹੈ ਅਤੇ ਸਰਬੱਗਤਾ ਪ੍ਰਾਪਤ ਕਰ ਕੇ ਇੰਨ ਬਿੰਨ ਸਾਖਸ਼ਾਤ ਹੀ ਤਿਨ੍ਹਾਂ ਅਕਾਲੀ ਗੁਣਾਂ ਨੂੰ ਅਕਾਲ ਪੁਰਖ ਦੇ ਅੰਤਰਗਤ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤਰਗਤ ਅਭੇਦ ਰੂਪ ਕਰਕੇ ਹੀ ਪੇਖਦੀ ਹੈ।

---

[ਸਫਾ ੧੨ ਦੀ ਬਾਕੀ]

ਉਸ ਪ੍ਰੀਤਮ-ਪਿਆਰੇ ਸਤਿਗੁਰੂ ਹਰੀ ਪ੍ਰਭੂ ਦੇ ਦਰਸ਼ਨ ਕਿਸੇ ਇਕ ਤਸਵੀਰ ਜਾਂ ਬੁੱਤ ਦੇ ਭੀ ਮੁਥਾਜ ਨਹੀਂ ਹਨ। ਉਸਦੇ ਦਰਸ਼ਨ ਤਾਂ ਹਰ ਵੇਲੇ ਹੀ ਹੋ ਸਕਦੇ ਹਨ, ਹੋ ਰਹੇ ਹਨ। ਲੋੜ ਤਾਂ ਹੈ ਉਸ ਕਪਟ-ਦਰ ਦੇ ਖੁਲ੍ਹਣ ਜਾਂ ਖੋਲ੍ਹਣ ਦੀ, ਜਿਸਨੇ ਸਾਨੂੰ ਉਸ ਪਿਆਰੇ ਦੇ ਦਰਸ਼ਨਾਂ ਤੋਂ ਵਾਂਝੇ ਕੀਤਾ ਹੋਇਆ ਹੈ।

ਦਰਸ਼ਨਾਂ ਦੀ ਤਾਂਘ ਰਖ ਕੇ ਅਰਜ਼ੋਈਆਂ ਅਰਦਾਸਾਂ ਕਰਦੇ ਰਹੀਏ ਤਾਂ ਗੁਰਪ੍ਰਸਾਦੀ ਸਾਡਾ ਕਪਟ ਦਰ ਖੁਲ੍ਹ ਸਕਦਾ ਹੈ। ਫਿਰ ਦਰਸ਼ਨ ਹੀ ਦਰਸ਼ਨ ਹਨ। ਗੁਰੂ-ਫੁਰਮਾਨ ਹੈ–

ਦਰਸ਼ਨ ਪਿਆਸੀ ਦਿਨਸੁ ਰਾਤਿ, ਚਿਤਵਉ ਅਨਦਿਨੁ ਨੀਤ ॥
ਖੋਲਿ੍ ਕਪਟ ਗੁਰਿ ਮੇਲੀਆ, ਨਾਨਕ ਹਰਿ ਸੰਗਿ ਮੀਤ ॥੬॥ (ਮ: ੫ ਪੰਨਾ ੭੦੩)

ਦਰਸ਼ਨਾਂ ਦੀ ਭੁਖ ਇਉਂ ਲਗੇ ਜਿਵੇਂ ਕਈ ਦਿਨਾਂ ਤੋਂ ਭੁੱਖਾ ਸਰੀਰ ਅੰਨ ਦੀ ਚਾਹਨਾ ਰਖਦਾ ਹੋਵੇ :–

ਖੋਜਤ ਖੋਜਤ ਭਈ ਬੈਰਾਗਨਿ ॥ ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ ॥੩॥੧੧੮॥
(ਗਉੜੀ ਮਹਲਾ ੫, ਪੰਨਾ ੨੦੪)

ਜਿਵੇਂ ਪਾਣੀ ਬਿਨਾਂ ਕੋਈ ਪਿਆਸਾ ਤੜਪਦਾ ਹੋਵੇ, ਅਜਿਹੀ ਪਿਆਸ ਹਰੀ ਦਰਸ਼ਨ ਦੀ ਲਗੇ। ਗੁਰੂ ਦਾ ਸ਼ਬਦ ਕਮਾਉਣਾ ਗੁਰੂ ਜੀ ਦੇ ਦਰਸ਼ਨ ਹਨ। ਗੁਰੂ-ਸ਼ਬਦ ਦੀ ਕਮਾਈ ਦੀ ਬਰਕਤ ਨਾਲ ਸੱਚਾ ਵੈਰਾਗ ਉਪਜਦਾ ਹੈ ਅਤੇ ਫਿਰ ਅਜਿਹੇ ਵਡਭਾਗੀ ਨੂੰ ਹਰੀ ਦੇ ਦਰਸ਼ਨ ਹੁੰਦੇ ਹਨ।

"ਹਰਿ ਦਰਸਨੁ ਪਾਵੈ ਵਡਭਾਗਿ ॥ ਗੁਰ ਕੈ ਸਬਦਿ ਸਚੈ ਬੈਰਾਗਿ ॥
ਗੁਰ ਕੈ ਦਰਸਨਿ ਮੁਕਤਿ ਗਤਿ ਹੋਇ ॥ ਸਾਚਾ ਆਪਿ ਵਸੈ ਮਨਿ ਸੋਇ ॥੧॥ ਰਹਾਉ ॥
(ਆਸਾ ਮਹਲਾ ੩, ਪੰਨਾ ੩੬੦)

ਪੂਰੇ ਸਤਿਗੁਰੂ ਦੀ ਰਾਹੀਂ ਹੀ ਹਰੀ ਦਰਸ਼ਨ ਸੰਭਵ ਹਨ। ਫੁਰਮਾਨ ਹੈ:–

"ਦਰਸਨੁ ਹਰਿ ਦੇਖਣ ਕੈ ਤਾਈ ॥ ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ।"
ਰਹਾਉ ॥ (ਸੂਹੀ ਮਹਲਾ ੪, ਪੰਨਾ ੭੫੭)



www.AKJ.Org

# "ਦਰਸਨੁ ਹਰਿ ਦੇਖਣ ਕੈ ਤਾਈ"

[ਗਿਆਨੀ ਹਰਬੰਸ ਸਿੰਘ 'ਤੇਗ' (ਸਿੱਖ ਮਿਸ਼ਨਰੀ), ਲੈਸਟਰ, ਯੂ.ਕੇ.]

ਦਰਸ਼ਨ ਤੋਂ ਭਾਵ ਤਾਂ ਦੇਖਣਾ, ਦੀਦਾਰ ਹੈ। ਸੰਸ੍ਰਕ੍ਰਿਤ ਵਿਦਵਾਨਾਂ ਨੇ ਦਰਸ਼ਨ ਦੇ ਅਰਥ 'ਨੇਤ੍ਰ' ਭੀ ਕੀਤੇ ਹਨ, ਭਾਵ ਦੇਖਣ ਦਾ ਸਾਧਨ। ਕੋਸ਼ ਅਨੁਸਾਰ ਦਰਸ਼ਨ ਤੋਂ ਦਰਪਣ ਜਾਂ ਸ਼ੀਸ਼ਾ ਭੀ ਭਾਵ ਕੀਤਾ ਗਿਆ ਹੈ। ਹਿੰਦੂ-ਮਤ ਦੇ "ਖਟ ਦਰਸ਼ਨ" ਜਾਂ ਖਟ-ਸ਼ਾਸਤਰ ਭੀ ਇਸੇ ਤਰ੍ਹਾਂ ਮੰਨੇ ਗਏ ਹਨ—ਧਰਮ ਜਾਂ ਧਰਮ ਦਾ ਮਤ ਦਰਸਾਉਣ ਵਾਲਾ ਧਾਰਮਕ-ਗ੍ਰੰਥ। ਇਸੇ ਲਈ ਦਰਸ਼ਨ ਦੇ ਅਰਥ ਮੱਤ, ਮਜ਼੍ਹਬ, ਭੇਖ ਜਾਂ ਧਰਮ ਭੀ ਕੀਤੇ ਜਾਂ ਮੰਨੇ ਗਏ ਹਨ।

ਸਿੱਧਾਂ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੋਈ ਸੁਮੇਰ ਪਰਬਤ ਉਤੇ ਪਹਿਲੀ ਮਿਲਣੀ ਸਮੇਂ, ਗੁਰੂ ਨਾਨਕ ਜੀ ਦੀ ਛੋਟੀ ਉਮਰ ਵਿਚ ਹੀ ਡੂੰਘੀ ਵੀਚਾਰ ਤੋਂ ਅਤੇ ਨਿਰਭੈਤਾ ਤੋਂ ਪ੍ਰਭਾਵਤ ਹੋ ਕੇ ਹੀ ਸਿੱਧਾਂ ਨੇ ਆਪਣਾ ਮੱਤ, ਭੇਖ ਗੁਰੂ ਜੀ ਨੂੰ ਦੇਣਾ ਚਾਹਿਆ ਸੀ, ਤਾਂ ਜੁ ਉਨ੍ਹਾਂ ਦਾ ਮੱਤ ਸਾਰੇ ਸੰਸਾਰ ਵਿਚ ਪ੍ਰਸਿਧ ਹੋਵੇ। ਭਾਈ ਗੁਰਦਾਸ ਜੀ ਨੇ ਇਉਂ ਲਿਖਿਆ ਹੈ:—

ਸਿੱਧੀਂ ਮਨੇ ਬੀਚਾਰਿਆ ਕਿਵੈ ਦਰਸਨ ਏ ਲੇਵੈ ਬਾਲਾ ॥
ਐਸਾ ਜੋਗੀ ਕਲੀ ਮਹਿ ਹਮਰੇ ਪੰਥ ਕਰੇ ਉਜਿਆਲਾ ॥੩੧॥ (ਭਾਈ ਗੁਰਦਾਸ ਜੀ, ਵਾਰ ੧)

ਦਰਸ਼ਨ ਜਾਂ ਦੀਦਾਰ ਚਾਰ ਪ੍ਰਕਾਰ ਦਾ ਮੰਨਿਆ ਗਿਆ ਹੈ—

(1) **ਸ੍ਰਵਣ ਦਰਸ਼ਨ**—ਪ੍ਰੀਤਮ-ਪਿਆਰੇ ਦੇ ਗੁਣ ਰੂਪ ਸੁਣਨ ਨਾਲ ਹਿਰਦੇ ਵਿਚ ਉਸ ਦੀ ਸਾਖਸ਼ਾਤ ਕਲਪਨਾ ਕਰਨੀ। ਸੁਣਨ ਦਰਸ਼ਨ ਦੀ ਇਹ ਵਡਿਆਈ ਜਪੁਜੀ ਦੀ ਬਾਣੀ ਵਿਚ 'ਸੁਣਿਐ' ਵਾਲੀਆਂ ਪਉੜੀਆਂ ਹਨ। ਸ੍ਰਵਣ ਦਰਸ਼ਨ ਭੀ ਹੈ ਤੇ ਭਗਤੀ ਭੀ।

(2) **ਚਿਤ੍ਰ ਦਰਸ਼ਨ**—ਪਿਆਰੇ ਦੀ ਮੂਰਤੀ ਦਾ ਦੀਦਾਰ। ਜਿਵੇਂ ਹਿੰਦੂ ਮੰਦਰਾਂ ਚਿ ਵਖੋ ਵਖ ਦੇਵਤਿਆਂ ਦੀਆਂ ਅਤੇ ਪੁਰਾਣਕ ਕਥਾਵਾਂ ਵਿਚਲੇ ਮਹਾਨ ਪਾਤਰਾਂ ਦੀਆਂ ਮੂਰਤੀਆਂ ਬਣਾ ਕੇ ਅਰਾਧਨਾ ਕੀਤੀ ਜਾਂਦੀ ਹੈ। ਚਿਤਰ ਦਰਸ਼ਨ ਵਿਚ ਹੀ ਰੇਖਾ-ਚਿਤਰ ਭੀ ਸ਼ਾਮਲ ਹੈ, ਜੋ ਕਿਸੇ ਭਾਸ਼ਾ ਬੋਲੀ ਰਾਹੀਂ ਅੱਖਰਾਂ ਵਿਚ ਚਿਤਰਿਆ ਗਿਆ ਹੁੰਦਾ ਹੈ। ਗੁਰਮਤਿ ਵਿਚ ਇਸ ਦਰਸ਼ਨ ਦੀ ਕੋਈ ਥਾਂ ਨਹੀਂ।

(3) **ਸੁਪਨ ਜਾਂ ਸ੍ਵਪਨ ਦਰਸ਼ਨ**:—ਕਲਪਿਤ ਕੀਤਾ ਜਾਂ ਪਰਤੱਖ ਦੇਖਿਆ ਚਿਤਰ, ਜੋ ਸੁਪਨੇ ਵਿਚ ਦਿਸੇ—

ਸਜਣ ਮੁਖੁ ਅਨੂਪੁ, ਅਠੇ ਪਹਰ ਨਿਹਾਲਸਾ ॥
ਸੁਤੜੀ ਸੋ ਸਹੁ ਡਿਠੁ, ਤੈ ਸੁਪਨੇ ਹਉ ਖੰਨੀਐ ॥੨॥੧੭॥ (ਪੰਨਾ ੧੧੦੦)

(4) **ਪਰਤੱਖ ਦਰਸ਼ਨ**—ਪਰੱਤਖ ਦੀਦਾਰ ਹੋ ਜਾਣਾ। ਭਾਈ ਸਾਧੂ ਤੇ ਉਸਦੇ ਪੁਤਰ ਰੂਪੇ ਨੇ ਹਿਰਦੇ ਵਿਚ ਅਨੂਪਮ ਪ੍ਰੇਮ-ਖਿਚ ਦੁਆਰਾ ਚਿਤਵਿਆ ਤਾਂ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪਰਤੱਖ ਦਰਸ਼ਨ ਹੋ ਗਏ। ਹੋਰ ਭੀ ਐਸੀਆਂ ਕਈ ਇਤਿਹਾਸਕ ਸਾਖੀਆਂ ਸਿੱਖ ਇਤਿਹਾਸ ਵਿਚ ਮਿਲਦੀਆਂ ਹਨ।

ਆਸਤਕ ਜਗਤ ਵਿਚ ਇਹ "ਦਰਸ਼ਨ" ਹੀ ਸਭ ਤੋਂ ਪਹਿਲੀ ਅਤੇ ਆਖ਼ਰੀ ਪਉੜੀ ਅਥਵਾ ਮੰਜ਼ਲ ਹੈ। ਤਾਹੀਓਂ ਦਰਸ਼ਨ ਦੀ ਲੋਚਾ, ਤਾਂਘ, ਇਛਾ ਅਤੇ ਪਿਆਸ ਬਾਰੇ ਗੁਰਬਾਣੀ ਵਿਚ ਬਾਰ ਬਾਰ ਜ਼ਿਕਰ ਕੀਤਾ ਗਿਆ ਹੈ। ਇਹ ਭੁਖ, ਇਹ ਲੋਚਾ ਜਿੰਨੀ ਤੀਬਰਤਾ ਨਾਲ ਲਗੇਗੀ, ਦਰਸ਼ਨ ਦੀ ਪ੍ਰਾਪਤੀ ਅਤੇ ਦਰਸ਼ਨ ਦਾ ਪੂਰਨ ਅਨੰਦ ਭੀ ਤਾਹੀਓਂ ਹੀ ਪ੍ਰਾਪਤ ਹੋਣਾ ਹੈ। ਦਰਸ਼ਨ ਹੋ ਜਾਣ ਤੇ ਸਭੇ ਭੁੱਖਾਂ ਅਤੇ ਖ਼ਾਹਸ਼ਾਂ ਮਿਟ ਜਾਂਦੀਆਂ ਹਨ। ਇਸੇ ਇਕੋ ਪ੍ਰਾਪਤੀ ਵਿਚ ਹੀ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ। ਗੁਰ ਫ਼ੁਰਮਾਨ ਹੈ—

ਪ੍ਰਭ ਦੇਖਦਿਆ ਦੁਖ ਭੁਖ ਗਈ, ਢਾਢੀ ਕਉ ਮੰਗਣੁ ਚਿਤਿ ਨ ਆਵੈ ॥
ਸਭੇ ਇਛਾ ਪੂਰੀਆ, ਲਗਿ ਪ੍ਰਭ ਕੈ ਪਾਵੈ ॥੯॥ (ਪੰਨਾ ੧੦੯੭)



www.AKJ.Org

ਇਹ ਦਰਸ਼ਨ ਬਹੁਤਾ ਸੌਖਾ ਭੀ ਨਹੀਂ, ਸੌਖਾ ਹੈ ਭੀ, ਪਰ ਇਸ ਤੋਂ ਪਹਿਲਾਂ ਦਰਸ਼ਨ ਦੀ ਭੁਖ ਲਗਣੀ ਜ਼ਰੂਰੀ ਹੈ। ਭੁਖ ਨਾ ਲਗਣੀ ਭੀ ਤਾਂ ਇਕ ਬੀਮਾਰੀ ਹੈ। ਭੁਖ ਲਾਉਣ ਲਈ ਕਰੜੀ ਘਾਲਣਾ ਦੀ, ਲਗਨ ਦੀ ਅਤੇ ਪ੍ਰਭੂ-ਕਿਰਪਾ ਦੀ ਭੀ ਅਤੀ ਜ਼ਰੂਰਤ ਹੈ।

ਜਿਨ੍ਹਾਂ ਦੇ ਅੰਦਰ ਪ੍ਰਭੂ-ਦਰਸ਼ਨ ਦੀ ਖਿਚ ਉਤਪੰਨ ਹੋ ਜਾਂਦੀ ਹੈ, ਉਹ ਫਿਰ ਚੈਨ ਨਾਲ ਨਹੀਂ ਬਹਿੰਦੇ। ਉਨ੍ਹਾਂ ਅੰਦਰ ਆਲਸ ਨਿੰਦਰਾ ਨਹੀਂ ਰਹਿੰਦੀ। ਉਨ੍ਹਾਂ ਦਾ ਜੀਵਨ ਉਦਮੀ ਬਣ ਜਾਂਦਾ ਹੈ। ਹਰੀ ਦਰਸ਼ਨ ਲਈ ਵਾਰ ਵਾਰ ਉਸਦੇ ਗੁਣਾਂ ਵਿਚ ਸਮਾਈ ਕਰਨ ਲਈ ਜੁਟਣਾ, ਉਸਦੇ ਗੁਣ ਗਾਵਣੇ ਅਤੇ ਸੁਣਨੇ ਹੀ ਜੀਵਨ ਦਾ ਆਸਰਾ ਬਣ ਜਾਂਦਾ ਹੈ, ਉਸ ਅਣਦੇਖੇ ਪ੍ਰੀਤਮ ਪਿਆਰੇ ਦੇ ਸਰੂਪ ਬਾਰੇ ਆਪਣੇ ਅੰਦਰ ਤਰ੍ਹਾਂ ਤਰ੍ਹਾਂ ਦੇ ਨਕਸ਼ੇ ਘੜੇ ਜਾਣ ਲਗਦੇ ਹਨ। ਪ੍ਰੀਤਮ ਪਿਆਰੇ ਹਰੀ ਪ੍ਰਭੂ ਸੁਆਮੀ ਜੀ ਦੇ ਦਰਸ਼ਨਾਂ ਤੋਂ ਪਹਿਲਾਂ ਦੀ ਜੀਵ-ਇਸਤ੍ਰੀ ਦੀ ਅਵਸਥਾ ਨੂੰ ਗੁਰਬਾਣੀ ਨੇ, ਅਨੇਕਾਂ ਪ੍ਰਮਾਣਾਂ ਰਾਹੀਂ ਸਾਨੂੰ ਦੁਨਿਆਵੀ-ਲੋਕਾਂ ਨੂੰ ਸਮਝਾਉਣ ਲਈ ਸਾਡੇ ਪਧਰ ਦੇ ਪ੍ਰਮਾਣ ਭੀ ਬਖਸ਼ੇ ਹਨ :–

ਕੁਆਰ ਕੰਨਿਆ ਜੈਸੇ ਸੰਗਿ ਸਹੇਰੀ ਪ੍ਰਿਅ ਬਚਨ ਉਪਹਾਸ ਕਹੋ ॥
ਜਉ ਸੁਰਿਜਨੁ ਗ੍ਰਿਹ ਭੀਤਰਿ ਆਇਓ ਤਬ ਮੁਖੁ ਕਾਜਿ ਲਜੋ ॥੧॥ (ਸਾਰੰਗ ਮ: ੫,ਪੰਨਾ ੧੨੦੩)

ਆਪਣੇ ਹੋਣ ਵਾਲੇ ਪਤੀ ਦੀਆਂ ਗੱਲਾਂ ਬਾਤਾਂ ਕਰਕੇ ਮੰਗੇਤਰ ਲੜਕੀ ਆਪਣੀਆਂ ਸਹੇਲੀਆਂ ਨਾਲ ਹਾਸਾ ਠੱਠਾ ਭੀ ਕਰਦੀ ਹੈ, ਅਤੇ ਆਪਣੇ ਧੁਰਿ ਅੰਦਰ ਉਸ ਪਿਆਰੇ ਦੇ ਗੁਣਾਂ ਤੇ ਸਰੂਪ ਨੂੰ ਭੀ ਅਨਿਕ ਤਰੰਗੀ ਰੰਗਾਂ ਵਿਚ ਚਿਤਾਰਦੀ ਹੈ। ਵਿਆਹ ਤੋਂ ਪਹਿਲਾਂ ਇਸ ਕੁਆਰੀ ਕੰਨਿਆ ਦਾ ਜੋ ਉਦਮ ਅਤੇ ਗੁਣ ਗ੍ਰਹਿਣ ਦਾ ਕਾਰਜ ਹੈ ਉਹ ਨਿਰੰਤਰ ਜਾਰੀ ਰਹਿੰਦਾ ਹੈ, ਭਾਵ, ਮਿਲਾਪ ਲਈ, ਦਰਸ਼ਨ ਲਈ ਤਿਆਰੀ ਦਾ ਸਮਾਂ ਹੈ। ਇਸ ਉਦਮ ਵਿਚ ਭੀ ਇਕ ਅਕਹਿ ਰਸ ਹੈ, ਅਨੰਦ ਹੈ :–

ਉਦਮੁ ਕਰਤ ਆਨੰਦੁ ਭਇਆ ਸਿਮਰਤ ਸੁਖ ਸਾਰੁ ॥
ਜਪਿ ਜਪਿ ਨਾਮੁ ਗੋਬਿੰਦ ਕਾ ਪੂਰਨ ਬੀਚਾਰੁ ॥੧॥੫੯॥ (ਬਿਲਾਵਲੁ ਮ: ੫, ਪੰਨਾ ੮੧੫)
ਜੋ ਜਨੁ ਭਗਤੁ ਦਾਸੁ ਨਿਜ ਪ੍ਰਭ ਕਾ ਸੁਣਿ ਜੀਵਾਂ ਤਿਸੁ ਸੋਇ ॥
ਉਦਮੁ ਕਰਉ ਦਰਸਨੁ ਪੇਖਨ ਕੌ, ਕਰਮਿ ਪਰਾਪਤਿ ਹੋਇ ॥੧॥੯੭॥
(ਸਾਰਗ ਮ: ੫, ਪੰਨਾ ੧੨੨੩)

ਪਿਆਰੇ ਦੇ ਦਰਸ਼ਨ ਦੀ ਖ਼ਾਤਰ ਸਤ-ਸੰਗਤ ਕਰਨੀ ਅਤੇ ਉਦਮ ਕਰਨਾ ਅਤੀ ਜ਼ਰੂਰੀ ਹੈ। ਗੁਰਬਾਣੀ ਨੇ ਗੁਰਸਿਖ ਦੀ ਨਿਤ ਦੀ ਕਿਰਿਆ ਹੀ ਅਜਿਹੀ ਨੀਯਤ ਕੀਤੀ ਹੈ ਜੋ ਹਰੀ ਦਰਸ਼ਨ ਲਈ ਬਹੁਤ ਗੁਣਕਾਰੀ ਤੇ ਸਹਾਇਕ ਹੈ:–

ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥੨॥੧੧॥ (ਮ: ੪, ਪੰਨਾ ੩੦੫)

ਜੀਵ-ਇਸਤ੍ਰੀ ਪਰਮਾਤਮਾ ਪਾਸ ਬੇਨਤੀ ਕਰਦੀ ਹੈ ਕਿ ਮੇਰਾ ਆਲਸ ਮੁਕ ਜਾਵੇ, ਚਲਾ ਜਾਵੇ। ਮੈਂ ਪ੍ਰੀਤਮ ਦਾ ਸਿਮਰਨ ਕਰਾਂ, ਸਿਮਰਨ ਦੀ ਬਰਕਤ ਨਾਲ ਮੇਰਾ ਵਿਛੋੜਾ ਖ਼ਤਮ ਹੋਵੇ ਅਤੇ ਮੈਂ ਪ੍ਰੀਤਮ ਦੇ ਦਰਸ਼ਨ ਕਰ ਸਕਾਂ:–

ਵੰਞੁ ਮੇਰੇ ਆਲਸਾ ਹਰਿ ਪਾਸਿ ਬੇਨੰਤੀ ॥
ਰਾਵਉ ਸਹੁ ਆਪਨੜਾ ਪ੍ਰਭ ਸੰਗਿ ਸੋਹੰਤੀ ॥੧॥੧੨॥ (ਆਸਾ ਮ: ੫, ਪੰਨਾ ੪੬੦)

ਦਰਸ਼ਨ ਦਾ ਭਾਵ ਕੇਵਲ ਇਨ੍ਹਾਂ ਬਾਹਰ-ਮੁਖੀ ਅੱਖਾਂ ਨਾਲ ਸਥੂਲ ਨੂੰ ਦੇਖਣਾ ਹੀ ਨਹੀਂ, ਬਲਕਿ ਉਸ ਦੇ ਧੁਰਿ ਅੰਦਰ ਤੋਂ ਮਨ-ਬੁਧੀ-ਚਿਤ ਅੰਤਸ਼ਕਰਣ ਆਤਮਾ ਵਿਚਲੀਆਂ ਸੂਖਸ਼ਮ ਭਾਵਨਾਵਾਂ ਤੋਂ ਭੀ ਜਾਣੂ ਹੋਣਾ ਹੈ। ਉਸ ਦੇ ਗੁਣਾਂ ਦੀ ਸੋਝੀ ਲਈ, ਉਸਦੇ ਅੰਤਰੀਵ ਗੁਣਾਂ ਦੀ ਸੋਝੀ ਭੀ ਜ਼ਰੂਰੀ ਹੈ। ਜਿਵੇਂ ਫੁਲ ਦੀ ਬਾਹਰਲੀ ਬਨਾਵਟ ਅਤੇ ਰੰਗ-ਰੂਪ ਨੂੰ ਹੀ ਦੇਖਣਾ ਕਾਫ਼ੀ ਨਹੀਂ, ਸਗੋਂ ਉਸਦੇ ਗੁਣ, ਸੁਹੱਪਣ, ਕੋਮਲਤਾ, ਸੁਗੰਧੀ, ਰੰਗਾਂ ਦੀ ਭਿੰਨਤਾ ਦੇ ਪਿਛੇ ਉਸ ਕਾਦਰ ਦੀ ਅਤੇ ਕੁਦਰਤ ਦੀ ਮਹਿਮਾ ਦਾ ਅਹਿਸਾਸ ਵੀ ਫੁਲ ਦੇ ਦਰਸ਼ਨ ਵਿਚ ਹੀ


www.AKJ.Org

ਸ਼ਾਮਲ ਹਨ। ਉਸੇ ਫੁਲ ਨੂੰ ਦੇਖ ਕੇ ਕੋਮਲ-ਭਾਵ ਵਾਲੇ ਮਨੁਖ ਦੇ ਅੰਦਰ ਜੋ ਅਹਿਸਾਸ ਅਤੇ ਰਸ ਉਪਜਦਾ ਹੈ, ਉਹ ਕਿਸੇ ਪਸ਼ੂ-ਬਿਰਤੀ ਜਾਂ ਇਕ ਗਾਈਂ ਦੇ ਵੱਛੇ ਅੰਦਰ ਨਹੀਂ ਉਪਜ ਸਕਦਾ, ਕਿਉਂਕਿ ਵੱਛੇ ਦੀ ਚਾਹਨਾ ਦਰਸ਼ਨ ਦੀ ਨਹੀਂ, ਸਗੋਂ ਪੇਟ-ਪੂਰਤੀ ਲਈ ਘਾਹ ਦੀ ਭਾਲ ਹੈ, ਜਦ ਕਿ ਬਾਹਰਲੀਆਂ ਅੱਖਾਂ ਨਾਲ ਤਾਂ ਫੁਲ ਨੂੰ ਵੱਛੇ ਨੇ ਭੀ ਦੇਖਿਆ ਹੈ। ਸੋ ਇਸ ਦਰਸ਼ਨ ਚੋਂ ਉਪਜੇ ਰਸ ਦਾ ਸੰਬੰਧ ਦਰਸ਼ਨ ਕਰਨ ਵਾਲੇ ਦੀ ਭਾਵਨਾ, ਬੁਧੀ ਅਤੇ ਬਿਰਤੀ ਨਾਲ ਭੀ ਹੈ।

ਇਵੇਂ ਹੀ ਜਦੋਂ ਗੁਰਧਾਮਾਂ ਦੇ ਦਰਸ਼ਨ ਗੁਰ-ਸਿਖ ਕਰਦਾ ਹੈ ਤਾਂ ਉਥੇ ਕੇਵਲ ਕਿਸੇ ਇਮਾਰਤ ਦੇ ਦੇਖਣ ਨੂੰ ਹੀ ਦਰਸ਼ਨ ਨਹੀਂ ਕਿਹਾ ਜਾ ਸਕਦਾ। ਗੁਰਸਿਖ ਆਪਣੀ ਅਰਦਾਸ ਵਿਚ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਅਤੇ ਇਸ਼ਨਾਨ ਦੀ ਮੰਗ ਭੀ ਰੋਜ਼ ਕਰਦਾ ਹੈ। ਦਰਸ਼ਨ ਕਰ ਕੇ ਹੀ ਇਸ਼ਨਾਨ ਹੋਣੇ ਹਨ। ਦਰਸ਼ਨ ਭਾਵ ਇਥੇ ਕੇਵਲ ਬਾਹਰਾਂ ਦੇਖਣਾ ਹੀ ਨਹੀਂ, ਇਸ਼ਨਾਨ ਭੀ ਕੇਵਲ ਜਲ-ਮਾਤਰ ਦਾ ਸਰੋਵਰ ਦਾ ਨਿਰਾ ਟੁਭਾ ਹੀ ਨਹੀਂ; ਸ਼ਰਧਾ, ਭਾਵਨਾ, ਅਕੀਦਾ, ਭਰੋਸਾ, ਆਪਣਾ ਵਿਰਸਾ, ਗੁਰੂ ਸਾਹਿਬਾਂ ਦੀ ਅਮਲੀ-ਜ਼ਿੰਦਗੀ ਚੋਂ ਮਨੁਖਤਾ ਨੂੰ ਦੇਣ, ਇਨ੍ਹਾਂ ਗੁਰਧਾਮਾਂ ਪ੍ਰਤੀ ਸ਼ਹੀਦ ਸਿੱਖਾਂ ਦੀਆਂ ਕੀਤੀਆਂ ਘਾਲਣਾਂ ਅਤੇ ਕੁਰਬਾਨੀਆਂ, ਹਰ ਵੇਲੇ ਹੋ ਰਹੇ ਗੁਰਬਾਣੀ ਦੇ ਕੀਰਤਨ, ਸਰੋਵਰ, ਅਤੇ ਨਾਮ-ਜਲ ਦੇ ਇਸ਼ਨਾਨ ਦੀ ਭਾਵਨਾ ਅਤੇ ਹੋਰ ਬਹੁਤ ਕੁਝ ਜੋ ਹਰੀ ਦਰਸ਼ਨ ਦੇ ਨੇੜੇ ਲਿਆਉਂਦਾ ਹੈ, ਜੋ ਹਰੀ ਮੰਦਰ ਦੀ ਪਰਤੱਖ ਹੋਂਦ ਯਕੀਨ ਬਣਾਉਂਦਾ ਹੈ।

ਅਗਲੀ ਅਵਸਥਾ ਹੈ ਪਰਸਨ ਦੀ, ਛੁਹਣ ਦੀ, ਮਿਲਾਪ ਦੀ, ਪਰਤੱਖ ਦੀ। ਦਰਸ਼ਨ ਦੀ ਅਵਸਥਾ ਵਿਚੋਂ ਹੀ ਬਿਨਾਂ ਕਿਸੇ ਵਿਥ ਦੇ ਬੇ-ਮਲੂਮੇ ਸਹਿਜੇ ਹੀ ਪਰਸਨ ਦੀ ਅਵਸਥਾ ਦਾ ਆਗਾਜ਼ ਹੈ। ਜਾਂ ਕਹਿ ਲਈਏ ਕਿ ਦਰਸ਼ਨ ਦੇ ਵਿਚ ਹੀ ਪਰਸ਼ਨ ਭੀ ਲੁਪਤ ਹੈ। ਤਾਹੀਓਂ ਦਰਸ਼ਨ ਦੇ ਸੁਖ ਦੇ ਟਾਕਰੇ ਤੇ ਤੋਲਣਹਾਰੀ ਹੋਰ ਕੋਈ ਵਸਤੂ ਨਹੀਂ। ਗੁਰਵਾਕ :–

ਹਰਿ ਪੇਖਨ ਕਉ ਸਿਮਰਤ ਮਨੁ ਮੇਰਾ ॥
ਤੁਲਾ ਧਾਰ ਤੋਲੇ ਸੁਖ ਸਗਲੇ, ਬਿਨੁ ਹਰਿ ਦਰਸ ਸਭੋ ਹੀ ਥੋਰਾ ॥੧॥੧੨੧॥ (ਪੰਨਾ ੨੦੪)

ਸਵਰਗਾਂ, ਬੈਕੁੰਠਾਂ ਦੇ ਅਤੇ ਮੁਕਤੀ ਦੇ ਚਾਹਵਾਨ ਬਹੁਤ ਲੋਕੀਂ ਹਨ। ਪਰੰਤੂ ਹਰੀ ਭਗਤ, ਜੋ ਹਰੀ ਦੇ ਦਰਸ਼ਨ ਦੀ ਲੋਚਾ ਰਖਦੇ ਹਨ, ਉਹ ਹੋਰ ਕਿਸੇ ਮੁਕਤੀ ਜਾਂ ਬੈਕੁੰਠ ਦੀ ਭੀ ਲੋਚਾ ਨਹੀਂ ਰਖਦੇ। ਪ੍ਰਭੂ ਦਰਸ਼ਨ ਵਿਚ ਹੀ ਉਨ੍ਹਾਂ ਦੀ ਤ੍ਰਿਪਤੀ ਹੈ–

ਸੁਰਗ ਮੁਕਤਿ ਬੈਕੁੰਠ ਸਭ ਬਾਂਛਹਿ ਨਿਤਿ ਆਸਾ ਆਸ ਕਰੀਜੈ ॥
ਹਰਿ ਦਰਸਨ ਕੇ ਜਨ ਮੁਕਤਿ ਨ ਮਾਂਗਹਿ, ਮਿਲਿ ਦਰਸਨ ਤ੍ਰਿਪਤਿ ਮਨੁ ਧੀਜੈ ॥੧॥
(ਕਲਿਆਨ ਮ: ੪, ਪੰਨਾ ੧੩੨੪)

ਗੁਰੂ ਸਾਹਿਬ ਜੀ ਨੇ ਹਰੀ ਦੇ ਦਰਸ਼ਨ ਕਰਵਾਉਣ ਵਾਲੀ ਬਾਣੀ (ਗੁਰਬਾਣੀ) ਨੂੰ ਅੰਮ੍ਰਿਤ ਦੀ ਧਾਰ ਕਿਹਾ ਹੈ। ਨਾਮ-ਜਲ ਦੀ ਧਾਰ ਵਾਲੀ ਆਤਮਕ ਜੀਵਨ ਦੀ ਦਾਤੀ ਇਹ ਸਿਫ਼ਤ-ਸਲਾਹ ਦੀ ਬਾਣੀ ਹੀ ਨਾਮ ਹਿਰਦੇ ਵਿਚ ਟਿਕਾਉਂਦੀ ਹੈ। ਇਸੇ ਲਈ ਸਿਮਰਨ-ਅਭਿਆਸੀ ਮਹਾਂ ਪੁਰਸ਼ਾਂ ਨੇ ਗੁਰਬਾਣੀ ਨੂੰ ਨਾਮ ਦੀ ਦਾਤੀ ਮੰਨਿਆ ਅਤੇ ਕਿਹਾ ਹੈ :–

–ਗੁਰਬਾਣੀ ਵਰਤੀ ਜਗ ਅੰਤਰਿ ਇਸ ਬਾਣੀ ਤੇ ਹਰਿਨਾਮੁ ਪਾਇਦਾ ॥੩॥ ਮ: (੩, ਪੰਨਾ ੧੦੬੬)
–ਇਹ ਬਾਣੀ ਜੋ ਜੀਅਹੁ ਜਾਣੈ, ਤਿਸੁ ਅੰਦਰਿ ਰਵੈ ਹਰਿਨਾਮਾ ॥ਰਹਾਉ॥ (ਪੰਨਾ ੭੯੭)
–ਸਤਿਗੁਰ ਵਿਚਿ ਅੰਮ੍ਰਿਤ ਨਾਮੁ ਹੈ, ਅੰਮ੍ਰਿਤੁ ਕਹੈ ਕਹਾਏ ॥੨੫॥ (ਪੰਨਾ ੧੪੨੩)
–ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ ॥੩॥ (ਅਨੰਦੁ ਸਾਹਿਬ, ਪੰਨਾ ੯੧੭)

ਇਕ ਛਿਨ ਮਾਤਰ ਭੀ ਇਹ ਬਾਣੀ ਹਿਰਦੇ ਵਿਚ ਵਸ ਜਾਵੇ ਤਾਂ ਜਗਿਆਸੂ ਦੀ ਪਹੁੰਚ ਗੁਰੂ-ਚਰਨਾਂ ਤੀਕ ਬਣ ਜਾਂਦੀ ਹੈ। ਜਮਾਂ ਦਾ ਡਰ ਭੀ ਨਹੀਂ ਰਹਿੰਦਾ। ਇਹ ਬਾਣੀ ਹੀ ਹੈ ਜੋ ਸਾਨੂੰ ਕਰਤਾ ਪੁਰਖ ਦੇ ਰੰਗ ਵਿਚ


www.AKJ.Org

ਰੰਗ ਦਿੰਦੀ ਹੈ । ਪ੍ਰਭੂ ਦੇ ਦਰਸ਼ਨ-ਦੀਦਾਰ ਅਤੇ ਹਰੀ ਦੇ ਚਰਨਾਂ ਦੀ ਛੁਹ ਭੀ ਬਖ਼ਸ਼ਦੀ ਹੈ, ਜਿਸ ਵਿਚੋਂ ਸਰੇਸ਼ਟ-ਰਸ ਦੀ, ਪ੍ਰੇਮ-ਰਸ ਦੀ ਪ੍ਰਾਪਤੀ ਹੁੰਦੀ ਹੈ । ਇਸੇ ਪ੍ਰਭੂ-ਪ੍ਰੇਮ ਰਸ ਦੇ ਚਖਿਆਂ ਹੀ ਜੀਵ-ਇਸਤ੍ਰੀ ਦੀ ਤ੍ਰਿਪਤੀ ਹੋ ਸਕਦੀ ਹੈ, ਸੰਤੋਖ ਹੋ ਸਕਦਾ ਹੈ :—

'ਜਿੰਨ੍ੀ ਚਾਖਿਆ ਪ੍ਰੇਮ-ਰਸ ਸੇ ਤ੍ਰਿਪਤਿ ਰਹੇ ਆਘਾਇ ॥'' (ਬਾਰਹਮਾਹਾ ਮ: ੫)

ਗੁਰੂ ਨਾਨਕ ਦੇਵ ਜੀ ਪੰਜਵੇਂ ਜਾਮੇ ਵਿਚ ਇਉਂ ਫੁਰਮਾਉਂਦੇ ਹਨ :—

ਹਮਾਰੀ ਪਿਆਰੀ ਅੰਮ੍ਰਿਤ ਧਾਰੀ ॥ ਗੁਰਿ ਨਿਮਖ ਨ ਮਨ ਤੇ ਟਾਰੀ ਰੇ ॥੧॥ ਰਹਾਉ ॥
ਦਰਸਨ ਪਰਸਨ ਸਰਸਨ ਹਰਸਨ ਰੰਗਿ ਰੰਗੀ ਕਰਤਾਰੀ ਰੇ ॥੧॥
ਖਿਨੁ ਰਮ, ਗੁਰ ਗਮ, ਹਰਿ ਦਮ, ਨਹ ਜਮ ॥ ਹਰਿ ਕੰਠਿ ਨਾਨਕ ਉਰਿਹਾਰੀ ਰੇ ॥
੨॥੫॥੧੩੪॥ (ਆਸਾ ਮ: ੫—੪੦੪)

ਇਸ ਉਪਰੋਕਤ ਸ਼ਬਦ ਵਿਚ ਸਾਹਿਬ ਜੀ ਨੇ ਦਰਸ਼ਨ ਉਪਰੰਤ ਤਿੰਨ ਹੋਰ ਅਵਸਥਾਂ ਬਾਰੇ ਭੀ ਸੰਕੇਤ ਦਿਤਾ ਹੈ—ਪਰਸਨ, ਸਰਸਨ ਅਤੇ ਹਰਸਨ ਦਾ । ਇਹ ਅਵਸਥਾਂ ਅੱਖਰਾਂ ਵਿਚ ਤਾਂ ਸ਼ਾਇਦ ਕੋਈ ਭੀ ਬਿਆਨ ਨ ਕਰ ਸਕੇ । ਹਾਂ, ਕਿਸੇ ਪਹੁੰਚੀ ਹੋਈ ਸ਼ਖਸੀਅਤ ਦੁਆਰਾ, ਜਿਸਨੇ ਇਹ ਸਭ ਕੁਝ ਮਾਣਿਆ ਹੋਵੇ, ਅਨੁਭਵੀ ਬੋਲੀ ਵਿਚ ਪ੍ਰਗਟਾਅ ਕਰ ਸਕਣਾ ਸੰਭਵ ਹੋ ਸਕਦਾ ਹੈ । ਕਿਉਂਕਿ ਅਨੁਭਵ ਦੀ ਆਪਣੀ ਵਖਰੀ ਜਿਹੀ ਬੋਲੀ ਜਾਂ ਇਸ਼ਾਰੇ ਹਨ ।

"ਅਨੁਭਵ ਅਤੇ ਵਿਦਿਆ ਵਿਚ ਇਕ ਫ਼ਰਕ ਹੈ, ਸੋ ਕਿਸੇ ਤਰ੍ਹਾਂ ਭੀ ਦੋਹਾਂ ਦਾ ਮੁਕਾਬਲਾ ਨਹੀਂ ਕੀਤਾ ਜਾ ਸਕਦਾ । ਵਿਦਿਆ ਵਿਚ ਕਰਤਾ ਤੇ ਕਾਰਨ ਇਕ ਦੂਜੇ ਤੋਂ ਵਖ ਹੁੰਦੇ ਹਨ, ਪਰੰਤੂ ਅਨੁਭਵ ਵਿਚ ਕਾਰਨ ਤੇ ਕਰਤਾ ਇਕ-ਮਿਕ ਹੋ ਗਏ ਹੁੰਦੇ ਹਨ । ਅਨੁਭਵ ਲਈ ਵਿਦਿਆ ਸਹਾਈ ਤਾਂ ਭਾਵੇਂ ਹੋ ਸਕੇ, ਪਰ ਅਨੁਭਵ ਵਿਦਿਆ ਨਾਲੋਂ ਬਹੁਤ ਉੱਚਾ ਹੈ ।" ਇਹ ਵੀਚਾਰ ਪਾਲ ਡਸਨ ਅਤੇ ਸੀ ਲੈਨੀਅਨ ਦੇ ਹਨ, ਜੋ ਇਕ ਆਤਮ-ਰਸੀਏ ਗੁਰਸਿਖ ਨੇ ਆਪਣੀ ਲਿਖਤ ਵਿਚ ਦਰਜ ਕੀਤੇ ਹਨ ।

ਇਕ ਹੋਰ ਵਿਦਵਾਨ ਦਾ ਕਥਨ ਹੈ, "ਅਨੁਭਵ ਕਰਨ ਦੀ ਕਿਰਿਆ ਨੇ ਹੀ ਮਹਾਂ ਪੁਰਸ਼ਾਂ ਨੂੰ ਉਜਾਗਰ ਕੀਤਾ ਹੈ । ਆਪਣੇ ਅੰਦਰ ਅਨੁਭਵ ਦਾ ਦੀਵਾ ਜਗਾਉਣ ਵਾਲੇ ਦੂਜਿਆਂ ਲਈ ਭੀ ਰੌਸ਼ਨੀ ਦਾ ਕੰਮ ਦਿੰਦੇ ਹਨ । ਇਹੋ ਕਾਰਨ ਹੈ ਕਿ ਜਣਾ ਖਣਾ ਅਨੁਭਵੀ ਨਹੀਂ ਬਣ ਸਕਦਾ । ਕਿਸੇ ਦੂਜੇ ਲਈ ਅਨੁਭਵ ਕਰਨਾ ਤਾਂ ਇਕ ਪਾਸੇ, ਸਾਡੇ ਚੋਂ ਬਹੁਤੇ ਤਾਂ ਆਪਣੇ ਲਈ ਭੀ ਅਨੁਭਵ ਦੀ ਪ੍ਰਕਿਰਿਆ ਨਹੀਂ ਜਾਣਦੇ ।"

ਦਾਨਸ਼ਮੰਦਾਂ ਨੇ ਇਹ ਭੀ ਮੰਨਿਆ ਹੈ ਕਿ ਸਾਡੇ ਮਨ ਦੇ ਨਿੱਕੇ ਨਿੱਕੇ ਭਾਵ ਭੀ ਸਾਡਾ "ਅਨੁਭਵ" ਬਣਦੇ ਹਨ । ਭਾਵਾਂ ਦੀ ਅਗਨੀ ਵਿਚ ਢਲ ਕੇ ਹੀ ਸਾਡੇ ਮਨ ਦਾ ਅਨੁਭਵ ਪੱਕਦਾ ਹੈ । ਉਮਰ ਦੀ ਯਾਤਰਾ ਭੀ ਅਨੁਭਵ ਨੂੰ ਪਕੇਰਾ ਕਰਦੀ ਹੈ ।

ਗੱਲ ਚਲ ਰਹੀ ਸੀ ਦਰਸ਼ਨ ਉਪਰੰਤ 'ਪਰਸਨ' ਦੀ, ਭਾਵ, ਛੁਹਣ ਦੀ । ਛੁਹਣਾ ਜਾਂ ਪਰਸਣਾ ਪਰਤੱਖ ਰੂਪ ਚਿ ਹੁੰਦਾ, ਪਰਤੱਖ ਦੇ ਭੀ ਗਹਿਰੇ ਭਾਵ ਹਨ । ਜਿਵੇਂ ਸ੍ਰੀ ਗੁਰੂ ਨਾਨਕ ਜੀ ਦੀ ਜੋਤਿ ਦੇ ਪੰਜਵੇਂ ਜਾਮੇ ਨੂੰ ਦੇਖ ਕੇ ਮਹਾਂ ਪੁਰਸ਼ਾਂ ਭੱਟਾਂ ਨੇ "ਗੁਰੁ ਅਰਜਨੁ ਪਰਤਖੵ ਹਰਿ" ਕਿਹਾ ਹੈ । ਹਾਲਾਂਕਿ ਹਰੀ ਦਾ ਕੋਈ ਖ਼ਾਸ ਸਰੀਰ ਨਹੀਂ ਹੈ, ਨਾ ਹੀ ਹਰੀ ਪ੍ਰਭੂ ਜਨਮ ਮਰਨ ਵਿਚ ਹੈ । ਨਾ ਹੀ ਉਸਦਾ ਮਾਂ-ਪਿਉ ਹੈ । ਫਿਰ ਭੀ 'ਪਰਤਖੵ ਹਰਿ' ਕਿਹਾ ਹੈ । ਕਿਉਂ ? ਇਸ ਕਰਕੇ ਕਿ ਹਰੀ ਪ੍ਰਭੂ ਨਾਲ ਇਕ-ਮਿਕ ਹੋਏ ਸਤਿਗੁਰੂ ਪ੍ਰਭੂ-ਰੂਪ, ਪ੍ਰਭੂ ਗੁਣਾਂ ਨਾਲ ਸੰਪੰਨ ਹਨ, ਜਿਨ੍ਹਾਂ ਦੇ ਦਰਸ਼ਨਾਂ ਚੋਂ ਪ੍ਰਭੂ ਦੇ ਹੀ ਦਰਸ਼ਨ ਹੋ ਰਹੇ ਹਨ । ਜਲ ਦੀਆਂ ਲਹਿਰਾਂ ਚੋਂ ਹੀ ਸਾਗਰ ਦੇ ਦਰਸ਼ਨ ਹੋ ਸਕਦੇ ਹਨ । ਲਹਿਰ ਅਤੇ ਸਾਗਰ ਦੇਖਣ ਨੂੰ ਦੋ ਜਾਪਦੇ ਹਨ, ਹੈਨ ਇਕ ਹੀ ।

ਹਰੀ ਦੇ ਪਰਸਨ ਨੂੰ ਭੀ ਪਿਆਰ ਦੀ ਬੋਲੀ ਵਿਚ ਦਰਸ਼ਨ ਹੀ ਮੰਨਿਆ ਹੈ । ਇਸ ਤੋਂ ਅਗਲੀ ਅਵਸਥਾ ਉਸ ਸੁਹਾਗਵਤੀ ਪਤੀਬ੍ਰਤਾ ਇਸਤ੍ਰੀ ਵਲੋਂ ਪਤੀ-ਸੰਗ ਮਾਣੀ ਸੇਜੜੀ ਦੇ ਅਕਹਿ-ਰਸ ਵਾਂਗ ਕਿਸੇ ਅਖਰੀ ਬੋਲੀ ਦੀ

ਕੈਦ ਵਿਚ (ਪਕੜ ਵਿਚ) ਆਉਣ ਵਾਲੀ ਨਹੀਂ ਹੈ, ਗੂੰਗੇ ਦੇ ਗੁੜ ਖਾ ਕੇ ਮਾਣੇ ਸੁਆਦ ਵਾਂਗ ਹੀ ਹੈ। 'ਸਰਸਨ' ਰਸ-ਸਹਿਤ ਮਾਣੀ ਅਨੁਭਵੀ ਅਵਸਥਾ, ਜਦੋਂ ਕਰਤਾ ਅਤੇ ਕਾਰਨ ਅਭੇਦ ਹੋ ਗਏ ਹੋਣ।

ਇਸ ਤੋਂ ਹੋਰ ਅਗੇ ਦੀ ਅਵਸਥਾ ਜੋ ਹੈ, ਇਹ ਭੀ ਦਰਸ਼ਨ ਦੀ ਹੀ ਹੈ, ਪਰ ਇਹ ਦਰਸ਼ਨ ਦਾ ਚੌਥਾ ਤੇ ਆਖ਼ਰੀ ਸਿਰਾ ਹੈ, ਇਹ ਹੈ 'ਹਰਸਨ'। ਅਨੰਦ, ਹਰਖ, ਖੁਸ਼ੀ, ਖੇੜਾ। ਹਰ ਵੇਲੇ ਦਾ ਖਿੜਾਉ, ਖੇੜਾ, ਆਤਮਕ ਹੁਲਾਸ, ਬੇਗਮਪੁਰੇ ਦੇ ਵਾਸੀ ਦੀ ਮੌਜ, ਜਿਥੇ ਗ਼ਮ, ਉਦਾਸੀ, ਝੋਰਾ, ਡਰ, ਭਉ, ਚਿੰਤਾ ਆਦਿ ਦਾ ਨਾਮ ਨਿਸ਼ਾਨ ਭੀ ਨਹੀਂ। ਜਿਥੇ ਕਿਸੇ ਮੁਕਤੀ ਦੀ, ਬੈਕੁੰਠ ਦੀ, ਸਵਰਗ ਦੀ ਭੀ ਇੱਛਾ ਨਹੀਂ ਉਪਜਦੀ। ਹਰੀ ਦਰਸ਼ਨ ਵਿਚ ਉਸ ਨੂੰ ਪਰਸਨ ਸਰਸਨ ਅਤੇ ਹਰਸਨ ਦੀ ਸਾਰੀ ਖੇਡ ਸਹਿਜੇ ਹੀ ਖੇਡੀ ਜਾ ਰਹੀ ਹੈ।

ਇਸ ਸਰਸਨ ਤੇ ਹਰਸਨ ਲਈ ਉਸ ਹਰੀ ਪ੍ਰਭੂ ਦੇ ਰਹੱਸਮਈ ਗੁਣਾਂ ਨਾਲ ਇਕ-ਮਿਕ ਹੋ ਕੇ ਹੀ, ਹਰੀ ਦੇ ਸੰਪੂਰਨ ਦਰਸ਼ਨ ਹੋ ਸਕਦੇ ਹਨ। ਬਾਹਰ-ਮੁਖੀ ਸਥੂਲ ਮੇਲ ਜਾਂ ਸਪਰਸ਼ ਨਾਲ ਅੰਤਰੀਵ-ਮੇਲ ਦਾ ਦਾਅਵਾ ਨਹੀਂ ਕੀਤਾ ਜਾ ਸਕਦਾ। ਤਾਹੀਓਂ ਗੁਰੂ ਸਾਹਿਬਾਨ ਨੇ ਅੰਤਰ-ਮੁਖੀ ਗੁਣਾਂ ਦੀ ਸਾਂਝ ਨੂੰ ਹੀ ਸਹੀ ਸਾਂਝ ਕਿਹਾ ਹੈ। ਸਰੀਰਕ ਸਾਂਝ ਜਾਂ ਸਥੂਲ ਦਰਸ਼ਨ ਤਾਂ ਥੋੜ-ਚਿਰੇ ਅਤੇ ਥੋੜੀ ਕੀਮਤ ਦੇ ਹੀ ਹਨ। ਜੇਕਰ ਅੰਤਰੀਵ-ਸਾਂਝ ਹੋ ਕੇ ਅੰਤਰੀਵ ਗੁਣਾਂ ਦੀ ਸਾਂਝ ਬਣ ਜਾਵੇ, ਫਿਰ ਬਾਹਰ-ਮੁਖੀ ਮੇਲ-ਮਿਲਾਪ ਅਤੇ ਦਰਸ਼ਨ ਭੀ ਰਹੱਸਮਈ ਹੋ ਜਾਂਦੇ ਹਨ, ਜਿਸ ਦੀ ਕੀਮਤ ਭੀ ਅਪਰ ਅਪਾਰ ਹੈ।

ਸੋ ਹਰੇਕ ਦਰਸ਼ਨ ਪਿਛੇ ਭਾਵਨਾ, ਗੁਣ ਔਗੁਣ ਅਤੇ ਸਮੁਚੇ ਜੀਵਨ ਦਾ ਪ੍ਰਭਾਵ ਭੀ ਸ਼ਾਮਲ ਕਰਨਾ ਪਵੇਗਾ, ਜਿਸ ਤੋਂ ਦਰਸ਼ਨ ਦੀ ਅਸਲੀਅਤ ਲਭੇਗੀ। ਇਸੇ ਦਰਸ਼ਨ ਜਾਂ ਦਰਸ ਦਾ, ਦੀਦਾਰ ਦਾ ਵਾਰ ਵਾਰ ਗੁਰਬਾਣੀ ਵਿਚ ਜ਼ਿਕਰ ਹੈ। ਆਤਮਕ ਨਜ਼ਾਰਿਆਂ, ਆਤਮਕ ਕੌਤਕਾਂ ਨੂੰ ਇਨ੍ਹਾਂ ਬਾਹਰ-ਮੁਖੀ ਅੱਖਾਂ ਰਾਹੀਂ ਹੀ ਦੇਖਣ ਦੀ ਲਾਲਸਾ ਤਾਂ ਇਕ ਦਿਮਾਗ਼ੀ ਭੁਲੇਖਾ ਹੈ। ਜਿਨ੍ਹਾਂ ਅੱਖਾਂ ਨਾਲ ਉਸ ਪ੍ਰੀਤਮ-ਪਿਆਰੇ ਦੇ ਦੀਦਾਰ ਹੋਣੇ ਹਨ ਉਹ ਅੱਖਾਂ ਇਨ੍ਹਾਂ ਦਿਸਦੇ ਨੇਤਰਾਂ ਤੋਂ ਭਿੰਨ ਹਨ। ਉਨ੍ਹਾਂ ਅੱਖਾਂ ਦੀ ਦੇਖਣ-ਸ਼ਕਤੀ ਭੀ ਬਾਰੀਕ ਅਤੇ ਅਤਿ ਸੂਖਸ਼ਮ ਹੈ, ਮਾਇਕੀ ਪਦਾਰਥ ਉਨ੍ਹਾਂ ਅਗੇ ਰੁਕਾਵਟ ਨਹੀਂ ਪਾ ਸਕਦੇ, ਵਡੇ ਤੋਂ ਵਡੇ ਸਾਇੰਸੀ ਜੰਤਰ (ਐਕਸਰੇ) ਦੀ ਭੀ ਉਥੇ ਪੇਸ਼ ਨਹੀਂ ਜਾਂਦੀ।

ਜੇ ਇਨ੍ਹਾਂ ਬਾਹਰ-ਮੁਖੀ ਅੱਖਾਂ ਦੇ ਦੇਖਣ ਨਾਲ ਹੀ ਦਰਸ਼ਨ ਸੰਪੂਰਨ ਹੋ ਜਾਣੇ ਹੋਣ, ਫਿਰ ਤਾਂ ਕਿਸੇ ਨੂੰ ਵੀ ਦਰਸ਼ਨ ਹੋਣੇ ਔਖੇ ਨਹੀਂ। ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਇਨ੍ਹਾਂ ਅੱਖਾਂ ਨਾਲ ਸਾਰਾ ਸੰਸਾਰ ਦੇਖ ਕੇ ਭੀ ਹਰਿ ਦੇਖਣ ਦੀ ਪਿਆਸ ਬੁਝੀ ਨਹੀਂ। ਜਿਨ੍ਹਾਂ ਅੱਖਾਂ ਨਾਲ ਪਿਆਰਾ ਪ੍ਰੀਤਮ ਦੇਖਿਆ ਜਾ ਸਕਦਾ ਹੈ ਉਹ ਅੱਖਾਂ ਹੋਰ ਹਨ, ਅੰਤਰੀਵੀ ਹਨ–

ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ ॥
ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥੩॥੧੬॥ (ਮ: ੫, ਪੰਨਾ ੫੭੭)

ਸਤਿਗੁਰੂ ਜਾਂ ਹਰੀ ਦੇ ਦਰਸ਼ਨ ਤਾਂ ਜੋਤਿ-ਸਰੂਪ ਅਤੇ ਆਤਮ-ਪ੍ਰਕਾਸ਼ੀ ਹਨ, ਜੋ ਅਨੁਭਵ ਰਾਹੀਂ ਹੀ ਹੋਣੇ ਹਨ। ਜਿਹਦੇ ਵਾਸਤੇ ਸ਼ਬਦ ਦਾ ਪ੍ਰਕਾਸ਼ ਹੀ ਇਸ ਲਖਤਾ ਲਈ ਸਹਾਇਤਾ ਕਰਦਾ ਹੈ। ਸਤਿਗੁਰੂ ਜਾਂ ਹਰੀ ਪ੍ਰਭੂ ਦੇ ਦਰਸ਼ਨ ਦਾ ਪਰਤੱਖ ਜਲਵਾ ਹੀ ਇਹ ਹੈ ਕਿ ਜਗਿਆਸੂ ਦੇ ਭਰਮ, ਸੰਸੇ, ਭਟਕਣਾ, ਤ੍ਰਿਸ਼ਨਾ, ਮੋਹ ਦਾ ਅੰਧੇਰ, ਖ਼ਤਮ ਹੋ ਕੇ ਚਾਨਣ ਹੀ ਚਾਨਣ, ਹਰੀ ਪ੍ਰਭੂ ਨਿਕਟ ਹੀ ਦਿਸਦਾ, ਹਾਜ਼ਰ ਨਾਜ਼ਰ, ਜ਼ਾਹਰਾ-ਜ਼ਹੂਰ ਆਪਣੇ ਹੱਥ ਤੋਂ ਭੀ ਨੇੜੇ ਮਹਿਸੂਸ ਹੋਵੇਗਾ। ਉਸ ਦੇ ਦਰਸ਼ਨ ਕੋਈ ਦੇਹ-ਧਾਰੀ ਜਾਂ ਸਰੀਰਕ ਦਰਸ਼ਨ ਨਹੀਂ, ਸਗੋਂ ਸਰਬ ਵਿਆਪਕ, ਸਰਬ-ਸਰੀਰ-ਧਾਰੀ, ਸਭ ਤੋਂ ਅਲਿਪਤ, ਪ੍ਰੇਮ-ਮੂਰਤਿ, ਸਰਬ ਸ਼ਕਤੀ-ਮਾਨ, ਸਦਾ ਅੰਗ ਸੰਗੇ, ਹਨ। ਉਸਦੇ ਅੰਤਰ-ਆਤਮੇ ਦਰਸ਼ਨ ਕਰਨ ਵਾਲਾ ਤਾਂ ਇਉਂ ਜੋਦੜੀਆਂ ਕਰਦਾ ਜੁੜੇਗਾ–

ਤੂੰ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥

[ਬਾਕੀ ਦੇਖੋ ਸਫਾ ੭ ਦੇ ਹੇਠ[



www.AKJ.Org

# ਜਿਨਾ ਗੁਰ ਗੋਪਿਆ ਆਪਣਾ

ਸੋਰਠ ਕੀ ਵਾਰ, ਮ: ੪ ਵਿਚ ਗੁਰੂ ਰਾਮਦਾਸ ਜੀ ਉਹਨਾਂ ਦੇਹਧਾਰੀ ਗੁਰੂਆਂ ਪ੍ਰਤੀ ਕੀ ਫ਼ੁਰਮਾਉਂਦੇ ਹਨ, ਜੋ ਆਤਮਕ ਗਿਆਨ ਦੀ ਰੋਸ਼ਨੀ ਤਾਂ ਦਸਾਂ ਪਾਤਸ਼ਾਹੀਆਂ ਦੀ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਲੈਂਦੇ ਹਨ, ਪਰ ਸੰਗਤਾਂ ਨੂੰ ਉਹਨਾਂ ਨਾਲ ਜੋੜਨ ਦੀ ਬਜਾਏ ਆਪਣੇ ਚੇਲੇ ਬਣਾਉਂਦੇ ਫਿਰਦੇ ਹਨ :–

ਜਿਨਾ ਗੁਰੁ ਗੋਪਿਆ ਆਪਣਾ ਤੇ ਨਰ ਬੁਰਿਆਰੀ ॥
ਹਰਿ ਜੀਉ ਤਿਨ ਕਾ ਦਰਸਨੁ ਨਾ ਕਰਹੁ ਪਾਪਿਸਟ ਹਤਿਆਰੀ ॥
ਓਹਿ ਘਰਿ ਘਰਿ ਫਿਰਹਿ ਕੁਸੁਧ ਮਨਿ ਜਿਉ ਧਰਕਟ ਨਾਰੀ ॥
ਵਡਭਾਗੀ ਸੰਗਤਿ ਮਿਲੇ ਗੁਰਮੁਖਿ ਸਵਾਰੀ ॥
ਹਰਿ ਮੇਲਹੁ ਸਤਿਗੁਰ ਦਇਆ ਕਰਿ ਗੁਰ ਕਉ ਬਲਿਹਾਰੀ ॥੨੩॥ (ਪੰਨਾ ੬੫੧)

ਇਸ ਉਪਰੋਕਤ ਪਉੜੀ ਵਿਚ ਸਤਿਗੁਰੂ ਜੀ ਸੱਚੀ ਦਰਗਾਹ ਤੋਂ ਮਿਲੇ ਸੰਦੇਸ਼ ਰਾਹੀਂ ਚਿਤਾਵਨੀ ਦੇਂਦੇ ਹਨ ਕਿ ਹੇ ਵਾਹਿਗੁਰੂ ਜੀ, ਜਿਹੜੇ ਆਪਣੇ ਗੁਰੂ ਤੋਂ ਗਿਆਨ ਪ੍ਰਾਪਤ ਕਰ ਕੇ, ਉਸ ਗੁਰੂ ਨੂੰ ਪਰਦੇ ਉਹਲੇ ਰਖ ਕੇ, ਆਪੂੰ ਗੁਰੂ ਬਣ ਬਹਿੰਦੇ ਹਨ, ਐਸੇ ਅਕ੍ਰਿਤਘਣਾਂ ਦਾ ਸਾਨੂੰ ਦਰਸ਼ਨ ਤਕ ਨਾ ਕਰਾਉ ਜੀ। ਉਹ ਮਨੋਂ ਖੋਟੇ ਹੋ ਕੇ ਘਰ ਘਰ ਭਉਂਦੇ ਫਿਰਦੇ ਹਨ, ਜਿਵੇਂ ਫਿਟਕਾਰੀ ਹੋਈ ਬਦਚਲਣ ਇਸਤ੍ਰੀ ਭਟਕਦੀ ਫਿਰਦੀ ਹੈ।

ਪਰ ਇਹੋ ਜਿਹੇ ਗੁਰੂ ਘਰ ਦੇ ਫਿਟਕਾਰੇ "ਗੁਰੂ" ਜੇ ਚੰਗੇ ਭਾਗਾਂ ਕਰਕੇ (ਆਪਣੇ ਕੀਤੇ ਤੇ ਪਸਚਾਤਾਪ ਕਰਕੇ) ਗੁਰੂ ਨਾਨਕ–ਗੁਰੂ ਗ੍ਰੰਥ ਸਾਹਿਬ ਦੀ ਸੰਗਤ ਵਿਚ ਸਚੇ ਦਿਲੋਂ ਆ ਰਲਣ, ਤਾਂ ਵੀ ਉਹਨਾਂ ਤੇ ਗੁਰੂ ਦੀ ਮਿਹਰ ਹੋਵੇਗੀ ਅਤੇ ਉਹਨਾਂ ਦਾ ਉਧਾਰ ਹੋਵੇਗਾ। ਉਨ੍ਹਾਂ ਗੁਰੂ-ਗੋਪਣ ਵਾਲਿਆਂ ਲਈ ਅਰਦਾਸ ਕਰਦੇ ਹਨ ਕਿ ਹੇ ਵਾਹਿਗੁਰੂ ਜੀ, ਐਸੇ ਭੁਲਿਆਂ ਭਟਕਿਆਂ ਤੇ ਆਪਣੀ ਮਿਹਰ ਕਰੋ। ਅਸੀਂ ਸਤਿਗੁਰੂ ਤੋਂ ਬਲਿਹਾਰੀ ਹਾਂ।

ਵਿਅਕਤੀ-ਪੂਜਾ, ਦੇਖਿਆ ਜਾਏ ਤਾਂ ਪੁਰਾਤਨ ਭਾਰਤੀ ਚਿੰਤਕਾਂ ਦੀ ਬੜੀ ਪੁਰਾਣੀ ਦੇਣ ਹੈ। ਅਜ ਭੀ ਅਨੇਕਾਂ ਦੇਵੀ ਦੇਵਤਿਆਂ ਦੇ ਨਾਵਾਂ ਤੇ ਮੰਦਰ ਹਨ, ਜਿਥੇ ਉਹਨਾਂ ਦੀ ਪੂਜਾ-ਮਾਨਤਾ ਹੁੰਦੀ ਹੈ। ਫਿਰ ਇਹਨਾਂ ਤੋਂ ਇਕ ਪਉੜੀ ਹੇਠਾਂ ਉਤਰ ਕੇ ਅਨੇਕਾਂ ਸੰਨਿਆਸੀ, ਸਾਧੂ, ਮੁਨੀ, ਸਿਧਾਂ ਜੋਗੀਆਂ, ਬਾਵਿਆਂ, ਸੰਤਾਂ ਮਹੰਤਾਂ, ਪੀਰਾਂ, ਫਕੀਰਾਂ ਦਾ ਦਰਜਾ ਆਉਂਦਾ ਹੈ ਜਿਨ੍ਹਾਂ ਨੇ ਲੋਕਾਂ ਤੋਂ ਆਪਣੀ ਪੂਜਾ ਕਰਾਈ, ਅਤੇ ਹੁਣ ਭੀ ਇਹ ਪੂਜਾ ਚਲੀ ਆਉਂਦੀ ਹੈ। ਗੁਰਮਤਿ ਦੀ ਸੇਧ ਤਾਂ ਇਹ ਹੈ :–

ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥੧੩॥ (ਵਾਰ ਆਸਾ ਮ: ੧, ਪੰਨਾ ੪੭੦)

ਪ੍ਰਭੂ ਨੂੰ ਮਿਲਣ ਦੇ ਚਾਹਵਾਨ ਜੇ ਪ੍ਰਭੂ ਨੂੰ ਛਡ ਕੇ ਹੋਰਨਾਂ ਦੀ ਅਰਾਧਨਾ ਕਰਨ ਲਗ ਪੈਣ ਤਾਂ ਸਮਝੋ ਉਹ ਅਵੱਸ਼ ਡੁਬਣਗੇ। ਭਾਈ ਗੁਰਦਾਸ ਜੀ ਨੇ ਇਸ ਵਿਚਾਰ ਨੂੰ ਬੜੇ ਖ਼ੂਬਸੂਰਤ ਢੰਗ ਨਾਲ ਪੇਸ਼ ਕੀਤਾ ਹੈ:–

ਸਤਿਗੁਰ ਸਾਹਿਬੁ ਛਡਿ ਕੈ ਮਨਮੁਖੁ ਹੋਇ ਬੰਦੇ ਦਾ ਬੰਦਾ ॥
ਹੁਕਮੀ ਬੰਦਾ ਹੋਇਕੈ ਨਿਤ ਉਠਿ ਜਾਇ ਸਲਾਮ ਕਰੰਦਾ ॥......
ਗੁਰ ਪੂਰੈ ਵਿਣੁ ਜੂਨਿ ਭਵੰਦਾ ॥ ਪਉੜੀ ੪, ਵਾਰ ੧੫

ਦੇਹਧਾਰੀ ਗੁਰੂ ਦੀ ਪੂਜਾ ਇਕ ਨਾਮੁਰਾਦ ਬੀਮਾਰੀ ਹੈ, ਜਿਸਨੂੰ ਸਤਿਗੁਰੂ ਨਾਨਕ ਦੇਵ ਜੀ ਨੇ ਭਾਰਤੀ ਸਮਾਜ ਵਿਚੋਂ ਕਢਣਾ ਆਪਣਾ ਮਿਸ਼ਨ ਬਣਾਇਆ ਅਤੇ ਦਸ ਜਾਮਿਆਂ ਵਿਚ ਗੁਰੂ ਨਾਨਕ ਜੋਤਿ ਨੇ ਲੁਕਾਈ ਨੂੰ ਅਕਾਲ ਪੁਰਖ ਦੇ ਨਾਮ ਨਾਲ ਜੋੜਿਆ। ਜੋ ਬਾਣੀ ਭੀ ਰਚੀ, ਉਸਨੂੰ ਆਪਣੀ ਬਾਣੀ ਨਹੀਂ ਕਿਹਾ, ਧੁਰੋਂ ਅਕਾਲ ਪੁਰਖ ਤੋਂ ਬਖ਼ਸ਼ਸ਼ ਹੋਈ ਬਾਣੀ ਆਖਿਆ। ਦਸਵੇਂ ਸਤਿਗੁਰੂ ਜੀ ਨੇ ਅਗੋਂ ਲਈ ਦੇਹਧਾਰੀ ਗੁਰੂ ਦੀ ਪੂਜਾ ਜਾਂ ਇਸ ਦੇ ਸੰਕਲਪ ਬਾਰੇ ਵੀ ਉਦੋਂ ਤੋਂ ਹੀ ਪੂਰਨ ਰੋਕ ਲਗਾ ਦਿਤੀ ਜਦੋਂ ਉਨ੍ਹਾਂ ਨੇ ਅਕਾਲ ਪੁਰਖ ਤੋਂ ਪ੍ਰਾਪਤ ਹੋਏ ਸ਼ਬਦ-ਸੰਗ੍ਰਹਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਦੇ ਕੇ ਆਪ ਮੱਥਾ ਟੇਕਿਆ ਤੇ ਸਮੂਹ ਸਿੱਖਾਂ ਨੂੰ ਹੁਕਮ ਕੀਤਾ, "ਗੁਰੂ



www.AKJ.Org

ਮਾਨੀਓ ਗ੍ਰੰਥ"। ਸਿਖਾਂ ਨੇ ਭੀ ਉਦੋਂ ਤੋਂ ਸ਼ਬਦ-ਗੁਰੂ ਨੂੰ ਹੀ 'ਗੁਰੂ' ਮੰਨਿਆ ਹੈ ਤੇ ਹੁਣ ਭੀ ਸਿੱਖਾਂ ਵਿਚ ਪੂਜਾ ਅਕਾਲ ਜੀ ਕੀ ਹੁੰਦੀ ਹੈ। ਹਿਦਾਇਤ (ਅਗਵਾਈ) ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪ੍ਰਾਪਤ ਹੁੰਦੀ ਹੈ, ਤੇ ਸਤਿਗੁਰ ਦੇ ਪਰਤੱਖ ਦਰਸ਼ਨ, ਉਹਨਾਂ ਵਲੋਂ ਸਜਾਏ ਤਿਆਰ-ਬਰ-ਤਿਆਰ ਖਾਲਸੇ ਵਿਚ ਹੁੰਦੇ ਹਨ। ਪਰ ਸਮਾਂ ਪਾ ਕੇ –

ਜੋ ਕੋਈ ਹੋਤ ਭਯੋ ਜਗਿ ਸਿਆਨਾ ॥
ਤਿਨ ਤਿਨ ਅਪਨੋ ਪੰਥੁ ਚਲਾਨਾ ॥੧੩॥ ਬਚਿਤ੍ਰ ਨਾਟਕ, ਧਿਆਇ ੬, ਪਾ: ੧੦

ਸ਼ਿੱਖਾਂ ਵਿਚ ਭੀ ਜੋ ਜੋ ਕਿਤੇ ਕੋਈ ਦੁਨਿਆਵੀ ਤੌਰ ਤੇ ਸਿਆਣਾ ਹੋ ਗਿਆ ਉਸ ਨੇ ਆਪੋ ਆਪਣਾ ਅਡਰਾ ਡੇਰਾ ਬਣਾ ਕੇ ਕੁਝ ਲੋਕਾਂ ਨੂੰ ਆਪਣੇ ਮਗਰ ਲਗਾ ਲਿਆ। ਉਹਨਾਂ ਦੇ ਸ਼ਰਧਾਲੂ ਦੂਜਿਆਂ ਨੂੰ ਪ੍ਰੇਰ ਪ੍ਰੇਰ ਕੇ (ਘੇਰ ਘੇਰ ਕੇ) ਉਨ੍ਹਾਂ ਡੰਮੀ ਗੁਰੂਆਂ ਪਾਸ ਲਿਆਉਂਦੇ ਹਨ ਤੇ ਆਪਣੇ ਗੁਰੂ ਦੀਆਂ ਵਡੀਆਂ ਵਡਿਆਈਆਂ ਦਸ ਦਸ ਕੇ ਭਰਮਾਅ ਲੈਂਦੇ ਹਨ।

ਅਜੋਕੇ ਦੇਹਧਾਰੀ ਗੁਰੂਆਂ ਦੀ ਲੋਕਾਂ ਨੂੰ ਭਰਮਾਉਣ ਲਈ ਸਭ ਤੋਂ ਵਡੀ ਦਲੀਲ ਇਹ ਦਿਤੀ ਜਾਂਦੀ ਹੈ ਕਿ ਸ਼ਬਦ-ਗੁਰੂ ਤਾਂ ਠੀਕ ਹੈ, ਪਰ ਗੁਰਬਾਣੀ ਆਪਣੇ ਆਪ ਤਾਂ ਸਮਝ ਆ ਨਹੀਂ ਸਕਦੀ, ਇਸ ਨੂੰ ਸਮਝਾਉਣ ਲਈ ਕੋਈ ਦੇਹਧਾਰੀ ਸੁਲਝਿਆ ਹੋਇਆ ਬੰਦਾ ਚਾਹੀਦਾ ਹੈ, ਜੋ ਬਾਣੀ ਦੀ ਵਿਆਖਿਆ ਕਰ ਕੇ ਭਾਵ ਦਸੇ। ਅਜ ਦੇ ਪੜ੍ਹੇ ਲਿਖੇ ਹਰ ਮਨੁਖ ਦੀ ਇਹ ਇਛਾ ਹੁੰਦੀ ਹੈ ਕਿ ਵਾਕਈ ਕੋਈ ਸੁਲਝਿਆ ਬੰਦਾ ਗੁਰੂ ਧਾਰਨ ਕਰ ਲੈਣਾ ਚਾਹੀਦਾ ਹੈ, ਜੋ ਸ਼ਬਦ-ਗੁਰੂ ਦੇ ਗਿਆਨ ਨੂੰ ਠੀਕ ਠੀਕ ਸਮਝਾਅ ਸਕੇ। ਬਸ, ਇਥੇ ਹੀ ਇਕ ਤਕੜਾ ਭੁਲੇਖਾ ਆਮ ਖੋਜੀ ਖਾ ਜਾਂਦੇ ਹਨ! ਉਹ ਇਹ ਕਿ ਸ਼ਬਦ-ਗੁਰੂ ਦੀ ਬਾਣੀ ਦੀ ਵਿਆਖਿਆ ਕਰਨ ਵਾਲਾ ਆਖ਼ਰ ਹੈ ਹੈ ਤਾਂ ਇਕ ਵਿਆਖਿਆਕਾਰ ਹੀ, ਉਸ ਨੂੰ ਗੁਰੂ ਧਾਰਨ ਕਰ ਲੈਣਾ ਕਿਥੋਂ ਦੀ ਸਿਆਣਪ ਹੈ? ਗੁਰੂ ਗੁਰੂ ਹੁੰਦਾ ਹੈ, ਵਿਆਖਿਆਕਾਰ ਵਿਅ ਖਿਆਕਾਰ। ਪਰ ਇਸ ਗੱਲ ਨੂੰ ਕੋਈ ਕੋਈ ਸੋਚਦਾ ਹੈ।

ਨਾਮਧਾਰੀ ਬਾਬਾ ਰਾਮ ਸਿੰਘ ਜੀ ਆਪਣੇ ਬਨਵਾਸ ਦੌਰਾਨ ਰੰਗੂਨ ਤੋਂ ਆਪਣੀਆਂ ਚਿੱਠੀਆਂ ਵਿਚ ਲਿਖਦੇ ਰਹੇ ਕਿ ਮੈਨੂੰ ਗੁਰੂ ਨਾ ਆਖੋ, ਇਹ ਕੁਫਰ ਹੈ, ਮੈਂ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਕ ਨਿਮਾਣਾ ਜਿਹਾ ਸੇਵਕ ਹਾਂ। ਪਰ ਉਹਨਾਂ ਦੇ ਸੰਗੀ ਸਾਥੀ ਸਿਖਾਂ-ਸੇਵਕਾਂ ਨੇ ਦੇਖਿਆ ਜੇਕਰ ਉਹਨਾਂ ਨੂੰ ਗੁਰੂ ਨ ਬਣਾਇਆ ਤਾਂ ਉਹਨਾਂ ਵਲੋਂ ਸਿੱਖੀ ਸੇਵਕ ਨੂੰ ਦਿਤਾ ਜਾਂਦਾ ਆਦਰ ਮਾਣ ਅਤੇ ਬੇਅੰਤ ਸੁਗਾਤਾਂ, ਚੜ੍ਹਾਵਾ ਆਦਿ ਸਭ ਮੁਕ ਜਾਏਗਾ। ਲਾਭ ਇਸੇ ਵਿਚ ਹੈ ਕਿ ਕੀਰਤਨ ਅਖਾੜੇ ਵਿਚ ਬਾਬਾ ਰਾਮ ਸਿੰਘ ਜੀ ਵਲੋਂ ਚਲਾਏ ਗੁਰਬਾਣੀ ਦੇ ਪ੍ਰਚਾਰ ਨੂੰ ਜਾਰੀ ਰਖਿਆ ਜਾਵੇ, ਪਰ ਚੰਦੋਆ ਲਗਵਾਇਆ ਜਾਏ ਸ਼ਬਦ-ਗੁਰੂ ਦੀ ਥਾਂ ਬਾਬਾ ਜਗਜੀਤ ਸਿੰਘ ਦੇ ਸਿਰ ਤੇ, ਅਤੇ ਆਸਣ ਲਗਾ ਕੇ ਸੰਗਤਾਂ ਤੋਂ ਮੱਥਾ ਟਿਕਾਇਆ ਜਾਏ। ਇਹ ਇਕ ਭੇਡ-ਚਾਲ ਹੈ, ਜੋ ਹੁਣ ਤਕ ਤੁਰੀ ਆਉਂਦੀ ਹੈ। ਇਹਨਾਂ ਦੇ ਅੰਦਰ ਸ਼ਬਦ-ਗੁਰੂ ਦਾ ਸਤਿਕਾਰ ਇੰਨਾ ਕੁ ਹੀ ਹੈ ਜੁ ਇਨ੍ਹਾਂ ਨੇ ਸ਼ਬਦ-ਗੁਰੂ ਦੇ ਪਤਰੇ ਵੰਡ ਕੇ ਪਤਰਾ-ਪਾਠ ਕਰਨ ਦੀ ਮਨਮਤਿ ਚਲਾਉਣ ਤੋਂ ਵੀ ਗੁਰੇਜ਼ ਨਾ ਕੀਤਾ। ਕਿਥੇ ਬਾਬਾ ਰਾਮ ਸਿੰਘ ਜੀ, ਜਿਨ੍ਹਾਂ ਪਿੰਡੋ-ਪਿੰਡ ਫਿਰ ਕੇ ਅੰਮ੍ਰਿਤ ਪ੍ਰਚਾਰ ਕੀਤਾ, ਜਿਸ ਬਦਲੇ ਉਹਨਾਂ ਨੂੰ ਸ੍ਰੀ ਅਕਾਲ ਤਖ਼ਤ ਦੇ ਪੁਜਾਰੀਆਂ ਨੇ ਸਿੱਖੀ ਤੋਂ ਖ਼ਾਰਜ ਕੀਤਾ ਤੇ ਅਕਾਲ ਤਖਤ ਤੇ ਅਰਦਾਸਾ ਬੰਦ ਕਰਾਇਆ ਕਿ ਇਹਨਾਂ ਨੇ ਪਿੰਡੋਂ ਪਿੰਡ ਅੰਮ੍ਰਿਤ ਛਕਾਣ ਦੀ ਪਿਰਤ ਕਿਉਂ ਪਾਈ ਹੈ ਅਤੇ ਕਿਥੇ ਅੱਜ ਦਾ ਡੇਰੇਦਾਰ ਖੁਦ-ਸਾਖ਼ਤਾ ਗੁਰੂ ਜਗਜੀਤ ਸਿੰਘ, ਜੋ ਆਪਣੇ ਚਰਨਾਂ ਨਾਲ ਆਪਣੇ ਸ਼ਰਧਾਲੂਆਂ ਨੂੰ ਜੋੜ ਰਿਹਾ ਹੈ। ਹੁਣ ਭੀ ਨਾਮਧਾਰੀ ਬਾਬਾ ਜਗਜੀਤ ਸਿੰਘ ਗੁਰੂ ਘਰ ਦੇ ਸੇਵਕ ਬਾਬਾ ਰਾਮ ਸਿੰਘ ਜੀ ਨੂੰ ਅਕਾਲ ਪੁਰਖ ਦਾ ਦਰਜਾ ਦੇ ਕੇ ਪ੍ਰਚਾਰਦੇ ਹਨ ਅਤੇ ਆਪਣੇ ਆਪ ਨੂੰ ਭੀ ਉਸੇ ਲੜੀ ਵਿਚ (ਅਕਾਲ ਪੁਰਖ ਹੋਣ ਵਿਚ) ਹੀ ਜੋੜਦੇ ਹਨ ਕਿ ਉਹ ਭੀ ਅਕਾਲ ਪੁਰਖ ਦੇ ਖਾਸ ਰੂਪ ਹੀ ਹਨ। ਇਹ ਵਿਚਾਰ ਗੁਰਮਤਿ ਦੇ ਬਿਲਕੁਲ ਉਲਟ ਹੈ ਅਤੇ ਸਰਾਸਰ ਮਨਮਤਿ ਹੈ। ਇਉਂ ਇਹ ਆਮ ਸਿਖ ਸੰਗਤਾਂ ਨੂੰ ਗੁਮਰਾਹ ਕਰੀ ਜਾਂਦੇ ਹਨ ਅਤੇ ਸਿਖਾਂ ਨੂੰ ਅਕਾਲ ਪੁਰਖ ਵਾਹਿਗੁਰੂ ਨਾਲੋਂ ਤੋੜ ਕੇ ਵਿਅਕਤੀ ਦੀ ਪੂਜਾ ਵਿਚ ਲਗਾ ਰਹੇ ਹਨ।

੧੯੨੫ ਵਿਚ ਰਾਵਲਪਿੰਡੀ ਨਿਰੰਕਾਰੀ ਮੰਡਲ ਦੇ ਭਾਈ ਬੂਟਾ ਸਿੰਘ ਇਕ ਚੰਗੇ ਕਥਾਕਾਰ ਰਹੇ ਹਨ, ਪਰ


www.AKJ.Org

ਸ਼ਰਾਬ ਪੀਣ ਲਗ ਜਾਣ ਕਰਕੇ ਨਿਰੰਕਾਰੀ ਮੰਡਲ ਵਿਚੋਂ ਛੇਕ ਦਿਤੇ ਗਏ। ਉਨ੍ਹਾਂ ਦੀ ਕਥਾ ਦੇ ਸ਼ਰਧਾਲੂਆਂ ਨੇ, ਉਨ੍ਹਾਂ ਦੀ ਅਗਵਾਈ ਵਿਚ ਨਵੇਂ ਨਿਰੰਕਾਰੀ ਮੰਡਲ ਦੀ 'ਸਥਾਪਨਾ' ਕੀਤੀ। ਉਹ ਆਪ ਸ਼ਰਾਬੀ ਕਬਾਬੀ ਸੀ, ਇਸ ਲਈ ਉਸ ਨੇ ਨਵੇਂ ਮੰਡਲ ਵਿਚ ਸ਼ਰਾਬ ਕਬਾਬ ਦੀ, ਅਤੇ ਹੋਰ ਕਈ ਪ੍ਰਕਾਰ ਦੀਆਂ ਪਾਬੰਦੀਆਂ ਹਟਾ ਲਈਆਂ, ਖਾਣ ਪੀਣ ਬਾਰੇ ਆਮ ਖੁਲ੍ਹੀ ਛੁਟੀ ਦੇ ਦਿਤੀ। ਵੇਖੋ! 'ਬਾਣੀ ਦਾ ਵਿਆਖਿਆਕਾਰ' ਆਪ ਗੁਰੂ ਬਣ ਬੈਠਾ, ਅਤਿ ਦਾ ਸ਼ਰਾਬੀ ਹੋ ਕੇ ਮਰਿਆ। ਮਰਨ ਲਗਿਆਂ ਬਿਸਕੁਟ-ਬੇਕਰੀ ਵਾਲੇ ਅਵਤਾਰ ਸਿੰਘ ਨੂੰ, ਜੋ ਉਹਨਾਂ ਦੀ ਸ਼ਰਾਬ ਅਤੇ ਮੀਟ ਦੀ ਸੇਵਾ ਕਰਦਾ ਸੀ ਅਤੇ ਜਿਸ ਦੀ ਗੁਰਬਾਣੀ ਸੰਬੰਧੀ ਕੋਈ ਤਾਲੀਮ ਨਹੀਂ ਸੀ, ਕੋਈ ਕਮਾਈ ਨਹੀਂ ਸੀ, ਉਸ ਨੂੰ ਆਪਣੀ ਥਾਂ ਤੇ ਨੀਅਤ ਕਰ ਗਿਆ। ਇਕ ਸ਼ਰਾਬੀ ਮਰਨ ਲਗਿਆਂ ਦੂਜੇ ਸ਼ਰਾਬੀ ਨੂੰ ਗਦੀ ਦੇ ਗਿਆ (੧੯੪੭ ਵਿਚ)। ਫਿਰ ਦੇਸ਼ ਦਾ ਬਟਵਾਰਾ ਹੋਇਆ। ਉਹ ਦਿਲੀ ਆ ਕੇ ਵਸ ਗਿਆ। ਕਈਆਂ ਪਿਠੂਆਂ ਨੇ ਉਸ ਨੂੰ ਸਿੱਖਾਂ ਵਿਚ ਪਾੜ ਪਾਉਣ ਲਈ ਖ਼ੂਬ ਵਰਤਿਆ। ਫਿਰ ਉਸ ਦੇ ਪਰਿਵਾਰ ਨੇ ਨਾਮਧਾਰੀਆਂ ਵਾਂਗ ਸਤਸੰਗ ਮੰਡਲ ਨੂੰ ਪਰਿਵਾਰਕ ਜਾਇਦਾਦ ਸਮਝ ਕੇ ਵਡੇ ਪੁਤਰ ਬਾਬਾ ਗੁਰਬਚਨ ਸਿੰਘ ਨੂੰ ਮੁਖੀ ਬਣਾ ਦਿਤਾ। ਉਸ ਨੂੰ ਭੀ ਗੋਲੀ ਨਾਲ ਇਸ ਲਈ ਉਡਾਇਆ ਗਿਆ ਕਿਉਂਕਿ ਉਸ ਨੇ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਵਿਚ ਨਾਨਕ-ਨਿਰੰਕਾਰੀ ਸਤਿਗੁਰਾਂ ਦੀ ਸ਼ਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਰੁਧ ਅਪਮਾਨ ਭਰੇ ਸ਼ਬਦ ਆਖੇ ਅਤੇ ਨਿਹੱਥੇ ੧੩ ਸਿੰਘਾਂ ਨੂੰ ਸ਼ਹੀਦ ਕੀਤਾ ਅਤੇ ਬਥੇਰੇ ਸਿੰਘ ਜ਼ਖਮੀ ਕੀਤੇ। ਹੁਣ ਭੀ ਗਦੀ ਤੇ ਉਹਨਾਂ ਦੇ ਪੁਤਰ ਬਾਬਾ ਹਰਦੇਵ ਸਿੰਘ ਨੂੰ ਬਿਠਾਇਆ ਗਿਆ ਹੈ। ਛੋਟੀ ਉਮਰ ਹੈ, ਗੁਰਬਾਣੀ ਦਾ ਕੋਈ ਗਿਆਨ ਨਹੀਂ, ਬਾਣੀ ਦੀ ਉਲਟ ਪੁਲਟ ਵਿਆਖਿਆ ਕਰ ਕੇ ਬਖੇਰੀ ਲੁਕਾਈ ਆਪਣੇ ਮਗਰ ਲਾਈ ਫਿਰਦਾ ਹੈ। ਵੇਖੋ! ਇਹ ਦੋ ਹੱਥਾਂ ਦੀਆਂ ਤਲੀਆਂ, ਹੇਠਾਂ ਉਪਰ ਕਰ ਕੇ ਵਿਚਕਾਰ ਖ਼ਾਲੀ ਥਾਂ ਤੇ ਹੀ ਨਿਰੰਕਾਰ ਦਸਦੇ ਹਨ। ਇਥੋਂ ਇਹ ਗੱਲ ਸਾਫ ਜ਼ਾਹਰ ਹੁੰਦੀ ਹੈ ਕਿ ਇਹਨਾਂ ਦੀ ਮੰਡਲੀ ਦਾ ਆਚਰਣਹੀਣ ਮਨੁਖ ਹੱਥਾਂ ਦੀਆਂ ਦੋਹਾਂ ਤਲੀਆਂ ਦੀ ਵਿਚਾਲੀ ਵਿੱਥ ਵਿਖਾ ਕੇ ਅਕਾਲ ਪੁਰਖ ਜੀ ਦੀ ਪਵਿਤਰ ਹੋਂਦ ਨੂੰ ਇਕ ਹਾਸੋ-ਹੀਣਾ ਦ੍ਰਿਸ਼ ਵਿਖਾ ਦਿੰਦਾ ਹੈ। ਪਰ ਲੋਕਾਂ ਨੂੰ ਆਖਿਆ ਇਹ ਜਾਂਦਾ ਹੈ ਕਿ ਗੁਰਬਾਣੀ ਭੀ ਇਹੋ ਕਹਿੰਦੀ ਹੈ। ਇਹ ਇਕ ਵੱਡਾ ਕੁਫ਼ਰ ਹੈ। ਇੰਜ ਕਰਕੇ ਇਸ ਨਿਰੰਕਾਰੀ ਮੰਡਲ ਨੇ ਨਾਸਤਕਤਾ ਅਤੇ ਆਚਰਣ-ਹੀਣਤਾ ਨੂੰ ਜਨਮ ਦਿਤਾ ਹੈ ਅਤੇ ਲੋਕਾਂ ਵਿਚ ਅਕਾਲਪੁਰਖ ਜੀ ਲਈ ਭੈ-ਭਾਵਨੀ ਤੇ ਪਿਆਰ-ਸਤਿਕਾਰ ਉੱਕਾ ਹੀ ਖ਼ਤਮ ਕਰ ਦਿੱਤਾ ਹੈ। ਇਹ ਮਨੁਖ ਤੋਂ ਜਾਨਵਰ ਬਣਾ ਦੇਣ ਵਾਲੀ ਪਰਿਵਰਤੀ ਹੈ।

ਇਹੋ ਹਾਲ ਰਾਧਾ ਸਵਾਮੀਆਂ ਦਾ ਹੈ। ਆਗਰੇ ਵਾਲੇ ਬਾਬਾ ਦਿਆਲ ਜੀ ਦੇ ਨਾਨਾ ਜੀ ਗੁਰੂ ਘਰ ਦੇ ਅਤਿ ਸ਼ਰਧਾਲੂ ਸਨ। ਉਨ੍ਹਾਂ ਨੇ ਸ੍ਰੀ ਸੁਖਮਨੀ ਸਾਹਿਬ ਦਾ ਫ਼ਾਰਸੀ ਵਿਚ ਤਰਜਮਾ ਕੀਤਾ। ਬਾ: ਦਿਆਲ ਜੀ ਭੀ ਵਿਆਖਿਆਕਾਰ ਸਨ, ਗੁਰਬਾਣੀ ਦੀ ਕਥਾ ਕਰਦੇ ਸਨ। ਪਰ ਹੁੱਕਾ ਪੀਂਦੇ ਸਨ। ਸਿੱਖਾਂ ਨੇ ਹੁੱਕਾ ਪੀਣ ਤੋਂ ਵਰਜਿਆ ਤਾਂ ਆਪ ਨੇ ਗੁਰਦੁਆਰੇ ਕਥਾ ਕਰਨ ਦੀ ਬਜਾਏ ਆਪਣੇ ਘਰ ਹੀ ਇਕ ਸਤਸੰਗ ਮੰਡਲ ਬਣਾ ਲਿਆ। ਇਹਨਾਂ ਨੂੰ ਲੋਕੀਂ 'ਸੁਆਮੀ ਜੀ' ਕਹਿਣ ਲਗ ਪਏ। ਇਹਨਾਂ ਦੀ ਪਤਨੀ ਦਾ ਨਾਮ 'ਰਾਧਾ' ਸੀ। ਜਿਵੇਂ ਮਿਲਣ ਵੇਲੇ ਲੋਕੀਂ "ਜੈ ਸੀਆ ਰਾਮ" ਕਹਿੰਦੇ ਹਨ, ਇੰਜ ਇਸ ਮੰਡਲ ਵਿਚ ਭੀ ਮਿਲਣ ਵੇਲੇ ਸਤਸੰਗੀਆਂ ਨੇ 'ਜੈ ਰਾਧਾ ਸੁਆਮੀ" ਕਹਿਣਾ ਸ਼ੁਰੂ ਕਰ ਦਿਤਾ। ਇਸ ਤਰ੍ਹਾਂ ਭੋਲੇ ਭਾਲੇ ਸਿੱਖਾਂ ਤੋਂ "ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ" ਛੁਡਾ ਕੇ ਉਨ੍ਹਾਂ ਨੂੰ "ਰਾਧੇ ਸਵਾਮੀ" ਬਣਾ ਦਿਤਾ। ਭਾਈ ਜੈਮਲ ਸਿੰਘ ਪੰਜਾਬ ਤੋਂ ਇਕ ਜਗਿਆਸੂ ਬਣ ਕੇ ਇਹਨਾਂ ਦੇ ਸਤਸੰਗ ਮੰਡਲ ਵਿਚ ਸ਼ਾਮਲ ਹੋਇਆ। ਉਹ ਆਪਣੇ ਨਵੇਂ ਨਵੇਂ ਗੁਰੂ ਦੀਆਂ ਚਿਲਮਾਂ ਭਰਦਾ ਰਿਹਾ। ਕਰਦਾ ਭੀ ਕੀ? ਗੁਰੂ ਕੋਲੋਂ ਗਿਆਨ ਜੁ ਲੈਣਾ ਸੀ। ਫਿਰ ਬਿਆਸ ਆ ਗਿਆ, ਜਿਥੇ ਜ਼ਿਮੀਦਾਰਾਂ ਨੇ ਉਸ ਨੂੰ ਕੋਠਾ ਪਾ ਦਿਤਾ। ਸ਼ਬਦ ਗੁਰੂ ਦੀ ਵਿਆਖਿਆ ਕਰਦਿਆਂ ਇਹ ਸ਼ਬਦ-ਗੁਰੂ ਦੀ ਥਾਂ ਆਪਣੀ ਪੂਜਾ-ਸੇਵਾ ਕਰਵਾਣ ਲਗ ਪਿਆ। ਇਸ ਡੇਰੇ ਦੀ ਪਹਿਲੀ ਰਜਿਸਟਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਮ ਹੋਈ ਸੀ, ਪਰ ਹੌਲੀ ਹੌਲੀ ਇਨ੍ਹਾਂ ਨੇ ਭੀ "ਸਿਆਣਾ" ਬਣ ਕੇ ਆਪਣੇ ਅਸਲੀ ਗੁਰੂ, ਸ਼ਬਦ-ਗੁਰੂ ਨੂੰ ਆਪਣੀ ਸਿਆਣਪ


www.AKJ.Org

ਦੇ ਪਰਦੇ ਪਿਛੇ ਲੁਕਾਉਣਾ ਅਰੰਭ ਕੀਤਾ । ਫਿਰ ਪਰਿਵਾਰਕ ਗੱਦੀ ਚਲੀ, ਭਾ: ਸਾਵਣ ਸਿੰਘ, ਭਾ: ਜਗਜੀਤ ਸਿੰਘ, ਭਾ: ਚਰਨ ਸਿੰਘ, ਤੇ ਹੁਣ ਭਾ: ਗੁਰਿੰਦਰ ਸਿੰਘ ਗੱਦੀ ਤੇ ਵਸੀਅਤੀ ਹੱਕਦਾਰ ਬਣੇ। ਵਸੀਅਤ ਕਰਨਾ ਇਕ ਨਿੱਜੀ ਜਾਇਦਾਦ ਦਾ ਹੱਕ ਹੁੰਦਾ ਹੈ, ਜਿਸ ਦਾ ਅਧਿਆਤਮਕ-ਵਾਦ ਨਾਲ ਕੋਈ ਸੰਬੰਧ ਨਹੀਂ ਹੁੰਦਾ। ਇਹਨਾਂ ਤਿੰਨਾਂ ਪ੍ਰਮੁਖ ਸ਼ਾਖਾਵਾਂ ਦੇ ਮੁਖੀਆਂ ਦੇ ਨਾਮ ਸਿੱਖ ਪਰੰਪਰਾ ਵਿਚੋਂ ਹਨ, ਪਰ ਇਹ ਤਿੰਨੇ ਸਿੱਖ ਪੰਥਕ ਰਹਿਤ ਮਰਯਾਦਾ ਦੇ ਧਾਰਨੀ ਨਹੀਂ ਹਨ। ਅਜੇ ਤਕ ਇਨ੍ਹਾਂ ਵਿਚੋਂ ਕਿਸੇ ਗੱਦੀ ਦਾ ਵਾਰਸ ਕੋਈ ਨਾਨ-ਸਿੱਖ ਨਹੀਂ ਬਣ ਸਕਿਆ, ਭਾਵੇਂ ਨਾਮਧਾਰੀਆਂ ਨੂੰ ਛਡ ਕੇ ਦੂਜੇ ਦੋਹਾਂ ਸਤਸੰਗ-ਮੰਡਲਾਂ ਵਿਚ ਕਾਫ਼ੀ ਹਿੰਦੂ ਸ਼ਾਮਲ ਹਨ, ਪਰ ਗੱਦੀਆਂ ਨੂੰ ਪਰਿਵਾਰਕ ਤੌਰ ਤੇ ਤੋਰਨਾ ਹੀ ਪਰਿਵਾਰਾਂ ਲਈ ਲਾਹੇਵੰਦ ਹੈ । ਗੁਰਮਤਿ ਦੀ ਸੇਧ ਸਤਿਗੁਰੂ ਨਾਨਕ ਦੇਵ ਜੀ ਇਉਂ ਦਿੰਦੇ ਹਨ :-

ਕੇਤੇ ਗੁਰ ਚੇਲੇ ਫੁਨਿ ਹੂਆ ॥ ਕਾਚੇ ਗੁਰ ਤੇ ਮੁਕਤਿ ਨ ਹੂਆ ॥੨੧॥

(ਰਾਮਕਲੀ ਮ: ੧, ਦਖਣੀ ਓਅੰਕਾਰੁ ੯੩੨)

ਇਹਨਾਂ ਤਿੰਨਾਂ ਤੋਂ ਛੁਟ ਹੋਰ ਬੇਅੰਤ ਡੇਰੇ ਹਨ, ਜਿਥੋਂ ਦੇ ਸੰਤ-ਮਹੰਤ ਸੰਗਤਾਂ ਨੂੰ ਸ਼ਬਦ-ਗੁਰੂ ਨਾਲ ਜੋੜਨ ਦੀ ਬਜਾਏ, ਆਪਣੇ ਨਾਲ ਜੋੜਦੇ ਆ ਰਹੇ ਹਨ ਤੇ ਉਹਨਾਂ ਤੋਂ ਮਾਇਕ ਲਾਭ ਉਠਾਉਂਦੇ ਹਨ।

ਪਟਿਆਲਾ ਵਿਖੇ 'ਸ਼ਬਦ ਪ੍ਰਚਾਰ ਸਭਾ' ਨੇ ਸਮੂਹ ਦੇਹਧਾਰੀਆਂ ਨੂੰ ਵੰਗਾਰ ਪਾਈ ਹੈ ਕਿ ਉਹ ਗੁਰਬਾਣੀ ਦੀਆਂ ਕਦਰਾਂ ਕੀਮਤਾਂ ਦੇ ਸੰਦਰਭ ਵਿਚ ਆਪਣੇ ਬਣਾਏ ਵਿਅਕਤੀਗਤ ਗੁਰੂ-ਡੰਮ ਦੀ ਉਚਿਤੱਤਾ ਗੁਰੂ ਦੀ ਹਜ਼ੂਰੀ ਵਿਚ ਸਿਖ ਸੰਗਤਾਂ ਦੇ ਖੁਲ੍ਹੇ ਦਰਬਾਰ ਵਿਚ 'ਗੁਰਸਿਖ ਵਿਦਵਾਨਾਂ ਨਾਲ' ਗੋਸ਼ਟੀ ਵਿਚ ਸ਼ਾਮਲ ਹੋ ਕੇ ਸਿੱਧ ਕਰਨ। ਜੇ ਇਹ ਦੇਹਧਾਰੀ ਗੁਰੂ ਇਸ ਗੋਸ਼ਟੀ ਵਿਚ ਸ਼ਾਮਲ ਨਹੀਂ ਹੁੰਦੇ ਤਾਂ ਇਹ ਸਮਝ ਲਿਆ ਜਾਵੇਗਾ ਕਿ ਉਹਨਾਂ ਪਾਸ ਸਚਾਈ ਨਹੀਂ ਹੈ, ਉਹ ਐਵੇਂ ਲੋਕਾਂ ਨੂੰ ਗੁਮਰਾਹ ਕਰਕੇ ਦੁਕਾਨਦਾਰੀ ਚਲਾ ਰਹੇ ਹਨ। ਫਿਰ ਸਮੂਹ ਸੰਗਤਾਂ ਨੂੰ ਇਹਨਾਂ ਪਾਸੋਂ ਸਾਵਧਾਨ ਕਰਨ ਲਈ ਜਤਨ ਕੀਤੇ ਜਾਣਗੇ । ਪੰਥ ਦੀ ਅਜੋਕੀ ਸਥਿਤੀ ਇਹ ਬਣੀ ਹੋਈ ਹੈ ਕਿ ਸਾਨੂੰ ਦੋ ਫ਼ਰੰਟਾਂ ਤੋਂ ਜੰਗ ਕਰਨੀ ਪੈ ਰਹੀ ਹੈ। ਇਕ ਸਿਆਸੀ ਫ਼ਰੰਟ ਹੈ। ਜਿਸ ਦੇ ਸਿਟੇ ਵਜੋਂ 'ਸ੍ਰੀ ਅਕਾਲ ਤਖ਼ਤ ਸਾਹਿਬ' ਦੀ ਅਤੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਘੋਰ ਬੇ-ਅਦਬੀ ਹੋਈ, ਸਿਖ ਵਿਰਸੇ ਨੂੰ ਸਾੜ ਕੇ ਸੁਆਹ ਕੀਤਾ ਗਿਆ, ਬੇਅੰਤ ਗੁਰਧਾਮਾਂ ਦੀ ਭੀ ਬੇ-ਅਦਬੀ ਹੋਈ, ਸਿਖਾਂ ਦਾ ਕਤਲੇਆਮ ਕੀਤਾ ਗਿਆ, ਅਨੇਕਾਂ ਨੌਜਵਾਨ ਸਿਆਸੀ ਜੰਗ ਦੀ ਆਹੂਤੀ ਚੜ੍ਹ ਚੁਕੇ ਹਨ। ਪਰ ਕਾਮਯਾਬੀ ਦੀ ਕੋਈ ਸੂਰਤ ਨਹੀਂ ਦਿਸਦੀ। ਸਿਆਸੀ ਜਥੇਬੰਦੀਆਂ ਵੰਡੀਆਂ ਪਈਆਂ ਹਨ।

ਦੂਜਾ ਫ਼ਰੰਟ ਪਹਿਲੇ ਨਾਲੋਂ ਭੀ ਖ਼ਤਰਨਾਕ ਹੈ, ਜੋ ਖਾਲਸਾ ਪੰਥ ਨੂੰ ਅੰਦਰੋਂ ਅੰਦਰ ਘੁਣ ਵਾਂਗ ਖਾ ਰਿਹਾ ਹੈ, ਅਤੇ ਉਹ ਹੈ ਗੁਰੂ-ਡੰਮੀਆਂ ਨਾਲ ਜੰਗ । ਇਸ ਫ਼ਰੰਟ ਵਲ ਪੰਥ ਨੇ ਸਮੁਚੇ ਤੌਰ ਤੇ ਧਿਆਨ ਨਹੀਂ ਦਿਤਾ। ਦਿਨੋ ਦਿਨ ਪਤਿਤ-ਪੁਣਾ ਵਧ ਰਿਹਾਂ ਹੈ। ਗੁਰਦੁਆਰੇ ਸ਼ਬਦ-ਗੁਰੂ ਦੇ ਪਰਚਾਰ ਦੇ ਕੇਂਦਰ ਬਣਨ ਦੀ ਥਾਂ, ਕਮੇਟੀਆਂ ਦੇ ਆਪਸੀ ਝਗੜਿਆਂ ਦੇ ਅੱਡੇ ਬਣ ਕੇ ਰਹਿ ਗਏ ਹਨ।

ਇਸ ਤਰ੍ਹਾਂ ਲਗਦਾ ਹੈ ਕਿ ਪੰਥ ਨੂੰ ਦੋਹਾਂ ਫ਼ਰੰਟਾਂ ਤੇ ਹਾਰ ਹੋ ਰਹੀ ਹੈ, ਕਿਉਂਕਿ ਪੰਥਕ ਪਲੇਟਫ਼ਾਰਮ ਤੋਂ ਇਸ ਬਾਰੇ ਪਰਚਾਰ ਨਹੀਂ ਹੋ ਰਿਹਾ। ਅਸੀਂ ਕਿਉਂ ਨਾ ਇਕ ਫ਼ਰੰਟ (ਸਿਆਸੀ) ਨੂੰ ਕੁਝ ਸਮੇਂ ਲਈ ਬੰਦ ਕਰਕੇ, ਪੰਥ ਦੀ ਰੂਹ ਨੂੰ ਚੜ੍ਹਦੀ ਕਲਾ ਵਿਚ ਕਰਨ ਲਈ, ਦੂਜੇ ਫ਼ਰੰਟ (ਗੁਰੂ-ਡੰਮ ਦੇ ਖ਼ਿਲਾਫ਼ ਅਤੇ ਗੁਰਦੁਆਰਿਆਂ ਵਿਚ ਭ੍ਰਿਸ਼ਟਾਚਾਰ ਦੇ ਵਿਰੁਧ) ਤੇ ਮੋਰਚੇ ਸੰਭਾਲ ਲਈਏ ? ਬਾਹਰਲੇ ਦੁਸ਼ਮਣ ਨਾਲ ਤਾਂ ਹੀ ਲੜ ਸਕਾਂਗੇ ਜੇਕਰ ਪੰਥ ਦੇ ਬਾਜ਼ੂਆਂ ਵਿਚ ਮੁੜ ਕੇ ਤਾਕਤ ਆ ਜਾਵੇ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਮਾਨ-ਅੰਤਰ ਗੁਰੂ-ਡੰਮ ਦੇ ਭੁਲੇਖਾ-ਪਾਊ ਪਰਚਾਰ ਨੂੰ ਠਲ੍ਹ ਪਾਉਣ ਲਈ ਜ਼ੋਰਦਾਰ ਮੁਹਿੰਮ ਚਲਾਈ ਜਾਣੀ ਅਜ ਦੀ ਲੋੜ ਹੈ। ਸਮੁਚੇ ਸਿਖ ਪੰਥ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਝੰਡੇ ਹੇਠ ਇਕੱਤਰ ਕਰਨ ਲਈ ਇਹ ਉਪਰਾਲਾ ਕਰਨਾ ਚਾਹੀਦਾ ਹੈ। ਇੰਜ ਹੀ ਖ਼ਾਲਸਾ ਪੰਥ ਨੂੰ ਮੁੜ ਕੇ ਚੜ੍ਹਦੀ ਕਲਾ ਵਲ ਲਿਜਾਇਆ ਜਾ ਸਕੇਗਾ । ਅਜ ਖ਼ਾਲਸਾ ਮਾਇਆ-ਮੋਹ ਦੀ ਮਿੱਠ।


www.AKJ.Org

ਨੀਂਦਰੇ ਸੁੱਤਾ ਪਿਆ ਹੈ ਤੇ ਬੁਰੀ ਤਰ੍ਹਾਂ ਲੁਟਿਆ ਜਾ ਰਿਹਾ ਹੈ। ਸਮੂਹ ਮਿਸ਼ਨਰੀ ਸੰਸਥਾਵਾਂ ਅਤੇ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਗੁਰੂ-ਡੰਮ ਨੂੰ ਠੱਲ੍ਹ ਪਾਉਣ ਲਈ ਉਚ ਪਧਰ 'ਗੁਰਸਿਖ ਵਿਦਵਾਨਾਂ' ਦੀ ਅਗਵਾਈ ਵਿਚ ਉਚੇਚੇ ਸੈੱਲ ਕਾਇਮ ਕਰਨ, ਤਾਂਕਿ ਸਿਖ ਸੰਗਤਾਂ ਨੂੰ ਇਹਨਾਂ ਦੇ ਮਾਰੂ ਪਰਚਾਰ ਤੋਂ ਸਾਵਧਾਨ ਕੀਤਾ ਜਾ ਸਕੇ। ਇਹ ਸੈਲ ਵਿਅਕਤੀਗਤ ਗੁਰੂ ਤੇ ਡੇਰਿਆਂ ਵਿਚ ਛਪੇ ਲਿਟਰੇਚਰ ਦਾ ਢੁਕਵਾਂ ਜਵਾਬ ਦੇ ਸਕਣ। ਸਿਖ ਧਰਮ ਵਿਚ ਵਿਅਕਤੀਗਤ ਡੇਰਿਆਂ ਦੇ ਪ੍ਰਬਲ ਹੋਣ ਦਾ ਵਡਾ ਕਾਰਨ ਇਹ ਹੈ ਕਿ ਅਜੋਕੇ ਸਿਖ ਵਿਦਵਾਨਾਂ ਤੇ ਖੋਜੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ (ਸ਼ਬਦ) ਨੂੰ ਵਰਤਮਾਨ ਕਾਲ ਨਾਲ ਨਹੀਂ ਜੋੜਿਆ, ਸਗੋਂ ਬੀਤੇ ਸਮੇਂ (ਭੂਤ ਕਾਲ) ਨਾਲ ਜੋੜਿਆ ਹੈ। ਇਨ੍ਹਾਂ ਦੀ ਅਰਥਾਵਲੀ ਵਿਚ ਬੀਤੇ ਸਮੇਂ (ਭੂਤ ਕਾਲ) ਤੇ ਜ਼ੋਰ ਦਿਤਾ ਗਿਆ ਹੈ, ਪਰ ਡੇਰਿਆਂ ਵਿਚ ਮਹੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਅਜ ਦੇ ਸਮੇਂ ਨਾਲ ਜੋੜਦੇ ਹਨ, ਜਿਸ ਤੋਂ ਆਮ ਸਾਧਾਰਨ ਮਨੁਖ ਦਾ ਡੇਰਿਆਂ ਨਾਲ ਜੁੜਨਾ ਸੁਭਾਵਕ ਹੋ ਜਾਂਦਾ ਹੈ। ਸੋ ਲੋੜ ਹੈ ਕਿ ਗੁਰਸਿਖ ਵਿਦਵਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ, ਅਜ ਦੇ ਸਮੇਂ ਨਾਲ ਜੋੜਨ, ਤਾਂ ਕਿ ਮਨੁਖ. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਕਿਸੇ ਹੋਰ ਦੇਹਧਾਰੀ ਗੁਰੂ ਦੀ ਥੁੜ ਨੂੰ ਨਾ ਮਹਿਸੂਸ ਕਰੇ।

ਸ਼੍ਰੋਮਣੀ ਕਮੇਟੀ ਨੂੰ ਇਸ ਕੰਮ ਲਈ ਪਹਿਲ-ਕਦਮੀ ਕਰਨੀ ਚਾਹੀਦੀ ਹੈ, ਤਾਂ ਕਿ ਗੁਮਰਾਹ ਹੋਈ ਨਵੀਂ ਪੀੜ੍ਹੀ ਨੂੰ ਅਕਾਲ ਤਖ਼ਤ ਸਾਹਿਬ ਦੀ ਮੁਖ ਧਾਰਾ ਅੰਦਰ ਲਿਆਂਦਾ ਜਾ ਸਕੇ। 'ਗ੍ਰੰਥ ਕੀ ਰਹੇਗੀ ਤੋਂ ਪੰਥ ਕੀ ਰਹੇਗੀ' ਇਹ ਸਿਧਾਂਤਕ ਨੁਕਤਾ ਹੈ। ਇਸ ਵੀਚਾਰ ਉਤੇ ਅਮਲ ਕਰਾਂਗੇ, ਪਹਿਰਾ ਦਿਆਂਗੇ ਤਾਂ ਹੀ ਆਪਣੀ ਹੋਂਦ ਕਾਇਮ ਕਰ ਸਕਾਂਗੇ।

ਸ਼ਬਦ-ਗੁਰ ਪ੍ਰਚਾਰ ਸਭਾ, 33/8, ਪ੍ਰੇਮ ਨਿਵਾਸ, ਨੇੜੇ ਚਾਰ ਨੰਬਰ ਡਵੀਜ਼ਨ, ਲਾਹੋਰੀ ਗੇਟ, ਪਟਿਆਲਾ

---

# ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ ॥
ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ ॥
ਨਾਮੁ ਨਿਧਾਨੁ ਅਖੁਟੁ ਗੁਰੁ ਦੇਇ ਦਾਰੂਓ ॥ ਮਹਾ ਰੋਗ ਬਿਕਰਾਲ ਤਿਨੈ ਬਿਦਾਰੂਓ ॥
ਪਾਇਆ ਨਾਮੁ ਨਿਧਾਨੁ ਬਹੁਤੁ ਖਜਾਨਿਆ ॥ ਜਿਤਾ ਜਨਮੁ ਅਪਾਰੁ ਆਪੁ ਪਛਾਨਿਆ ॥
ਮਹਿਮਾ ਕਹੀ ਨ ਜਾਇ ਗੁਰ ਸਮਰਥ ਦੇਵ ॥ ਗੁਰ ਪਾਰਬ੍ਰਹਮ ਪਰਮੇਸੁਰ ਅਪਰੰਪਾਰ ਅਲਖ ਅਭੇਵ ॥੧੬॥
[ਗੂਜਰੀ ਕੀ ਵਾਰ ਮ ੫, ਪੰਨਾ ੫੨੨

ਧਨੁ ਧਨੁ ਸਤਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਕਉ ਸਾਂਤਿ ਆਈ ॥
ਧਨੁ ਧਨੁ ਸਤਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਹਰਿ ਭਗਤਿ ਪਾਈ ॥
ਧਨੁ ਧਨੁ ਹਰਿ ਭਗਤਿ ਸਤਿਗੁਰੂ ਹਮਾਰਾ ਜਿਸ ਕੀ ਸੇਵਾ ਤੇ ਹਮ ਹਰਿਨਾਮਿ ਲਿਵ ਲਾਈ ॥
ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ ਜਿਨਿ ਵੈਰੀ ਮਿਤ੍ਰ ਹਮ ਕਉ ਸਭ ਸਮਦ੍ਰਿਸਟਿ ਦਿਖਾਈ ॥
ਧਨੁ ਧਨੁ ਸਤਿਗੁਰੂ ਮਿਤ੍ਰ ਹਮਾਰਾ ਜਿਨਿ ਹਰਿ ਨਾਮੁ ਸਿਉ ਹਮਾਰੀ ਪ੍ਰੀਤਿ ਬਣਾਈ ॥ ੧੯ ॥
[ਵਡਹੰਸ ਕੀ ਵਾਰ ਮ: ੪ ਪੰਨਾ ੫੯੪

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥੨॥੧੬॥
[ਮ: ੫, ਗੂਜਰੀ ਕੀ ਵਾਰ, ਪੰਨਾ ੫੨੨


www.AKJ.Org

# ਬਿਨੁ ਭੈ ਕੇਹੀ ਲਾਗਿ ?

[ਪ੍ਰੋਫੈਸਰ ਗੁਰਮਖ ਸਿੰਘ ਜੀ]

ਗੁਰਬਾਣੀ ਵਿਚ ਭਉ (ਡਰ) ਦੋ ਪ੍ਰਕਾਰ ਦਾ ਦਰਸਾਇਆ ਗਿਆ ਹੈ–੧. ਸੰਸਾਰਕ ਡਰ, ੨. ਪ੍ਰਮਾਰਥਕ (ਰੱਬੀ) ਡਰ। ਇਕ ਡਰ ਉਹ ਹੈ ਜੋ ਆਮ ਸੰਸਾਰੀਆਂ ਨੂੰ ਖਾਂਦਾ ਹੈ ਅਤੇ ਅੰਧ-ਅਗਿਆਨਤਾ ਦਾ ਸੂਚਕ ਹੈ। ਮੌਤ ਦਾ ਡਰ, ਆਪਣੇ ਆਲੇ ਦੁਆਲੇ ਦੇ ਲੋਕਾਂ ਦਾ ਡਰ, ਸਰਕਾਰ ਦਾ ਡਰ, ਜੇ ਧਨ ਇਕੱਠਾ ਹੋ ਗਿਆ ਤਾਂ ਉਸਦੇ ਚੋਰੀ ਹੋਣ ਜਾਂ ਖੋਹੇ ਜਾਣ ਦਾ ਡਰ, ਦੇਵੀ ਦੇਵਤਿਆਂ ਦੇ ਨਾਰਾਜ਼ ਹੋ ਜਾਣ ਦਾ ਡਰ, ਗ੍ਰਹਿ ਨਛੱਤਰਾਂ ਦੇ ਪੈਂਤੜੇ ਬਦਲਣ ਦਾ ਡਰ। ਮੁਕਦੀ ਗੱਲ, ਜੋ ਅਜੇ ਸੰਸਾਰਕ ਸੂਝ ਬੂਝ ਦੇ ਪੱਧਰ ਤੇ ਜੀਵਨ ਜੀਉਂਦਾ ਹੈ, ਉਸ ਨੂੰ ਇਹਨਾਂ ਸਭ ਪ੍ਰਕਾਰ ਦੇ ਡਰਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਵਾਰੀ ਤਾਂ ਇਉਂ ਲਗਦੇ ਜਿਵੇਂ ਕਿ ਡਰ ਭੀ ਜ਼ਿੰਦਗੀ ਦਾ ਇਕ ਅਨਿਖੜਵਾਂ ਅੰਗ ਜਿਹਾ ਹੁੰਦਾ ਹੋਵੇ। ਮਨੋਵਿਗਿਆਨੀ ਤਾਂ ਇਸ ਨੂੰ ਮੂਲ ਪ੍ਰਵਿਰਤੀ (Basic Instinct) ਹੀ ਮੰਨ ਕੇ ਤੁਰਦੇ ਹਨ।

ਪਰ ਗੁਰਮਤਿ ਦੇ ਪਾਂਧੀ ਨੇ ਇਸ ਮੂਲ ਪ੍ਰਵਿਰਤੀ ਨੂੰ ਹੌਲੀ ਹੌਲੀ ਮੇਸ ਕੇ ਨਿਰਭਉ ਬਣਨਾ ਹੈ। ਪ੍ਰਮਾਰਥ ਦੇ ਰਾਹ ਤੇ ਪੈਣ ਤੋਂ ਬਿਨਾਂ ਕੋਈ ਕਿਵੇਂ ਨਿਰਭਉ ਹੋ ਸਕਦਾ ਹੈ ? ਆਮ ਸੰਸਾਰੀ ਜੋ ਆਪਣੇ ਆਪ ਨੂੰ ਬੜਾ ਦਲੇਰ ਤੇ ਨਿਡਰ ਸਮਝਦੇ ਹਨ, ਉਹਨਾਂ ਪ੍ਰਤੀ ਸ੍ਰੀ ਗੁਰੂ ਅੰਗਦ ਦੇਵ ਜੀ ਇੰਜ ਫੁਰਮਾਉਂਦੇ ਹਨ–

ਜਿਨਾ ਭਉ, ਤਿਨ ਨਾਹਿ ਭਉ, ਮੁਚੁ ਭਉ ਨਿਭਵਿਆਹ ॥
ਨਾਨਕ, ਏਹੁ ਪਟੰਤਰਾ, ਤਿਤੁ ਦੀਬਾਣਿ ਗਇਆਹ ॥੧॥੮॥ [ਸੂਹੀ ਦੀ ਵਾਰ, ੭੮੮)

ਭਾਵ, ਜਿਨ੍ਹਾਂ ਸੱਚ ਦੇ ਪਾਂਧੀਆਂ ਅੰਦਰ ਸੱਚੇ ਪ੍ਰਭੂ ਦੀ ਭੈ-ਭਾਵਨੀ ਜਾਂ ਅਦਬ-ਸਤਿਕਾਰ ਵਾਲਾ ਡਰ ਹੈ, ਉਹਨਾਂ ਨੂੰ ਸੰਸਾਰਕ ਡਰ ਪੋਹ ਨਹੀਂ ਸਕਦਾ, ਸਗੋਂ ਇਸ ਦੇ ਉਲਟ ਨਿਡਰਾਂ ਅੰਦਰ ਬਹੁਤ ਜ਼ਿਆਦਾ ਸੰਸਾਰਕ ਡਰ-ਭਉ ਹੁੰਦਾ ਹੈ। ਉਹ ਹਰ ਗਲੇ ਡਰ ਡਰ ਮਰਦੇ ਹਨ। ਇਨ੍ਹਾਂ ਦੋਹਾਂ ਤਰ੍ਹਾਂ ਦੇ ਡਰਾਂ ਦਾ ਸਹੀ ਨਿਰਣਾ ਸਚੀ ਦਰਗਾਹ ਵਿਚ ਪੁਜ ਕੇ ਹੀ ਹੋਣਾ ਹੈ ਕਿ ਸਹੀ ਅਰਥਾਂ ਵਿਚ ਕੌਣ ਨਿਡਰ ਹੈ, ਉਹ ਜੋ ਵਾਹਿਗੁਰੂ ਜੀ ਦਾ ਭਗਤ ਹੈ, ਜਾਂ ਉਹ ਜੋ ਮਾਇਆ-ਵੇੜ੍ਹਿਆ ਸੰਸਾਰੀ ਹੈ ?

ਦਰਅਸਲ ਸੰਸਾਰਕ ਭੈ ਦਾ ਮਾਇਆ ਮੋਹ ਨਾਲ ਜੋੜ ਹੁੰਦਾ ਹੈ। ਗਿਆਨ ਦੀ ਅਵਸਥਾ ਪ੍ਰਾਪਤ ਨਾ ਹੋਣ ਕਰਕੇ ਮਨੁਖ ਅਗਿਆਨਤਾ ਵਿਚ ਜਾਂ ਭਰਮ ਦੀ ਹਾਲਤ ਵਿਚ ਜੀਵਨ ਗੁਜ਼ਾਰਦਾ ਹੈ–

ਐਸਾ ਤੈਂ ਜਗੁ ਭਰਮਿ ਲਾਇਆ ॥ ਕੈਸੇ ਬੂਝੈ ਜਬ ਮੋਹਿਆ ਹੈ ਮਾਇਆ ॥ [ਸਿਰੀਰਾਗੁ ਕਬੀਰ ਜੀ]
ਭ੍ਰਮ ਕੀ ਕੂਈ, ਤ੍ਰਿਸਨਾ ਰਸ ਪੰਕਜ, ਅਤਿ ਤੀਖੵਣ ਮੋਹ ਕੀ ਫਾਸ॥੧॥੨੦॥ [ਗਉੜੀ ਮ: ੫, ੨੦੪]

ਸੰਸਾਰ ਭ੍ਰਮ ਦੀ ਖੂਹੀ ਹੈ, ਤ੍ਰਿਸ਼ਨਾ ਦਾ ਇਸ ਵਿਚ ਚਿਕੜ ਜਾਂ ਗਾਰਾ ਹੈ, ਜਿਥੇ ਮਨੁਖ ਖੜਾ ਹੈ, ਅਤੇ ਇਸ ਖੂਹੀ ਦੇ ਚਿਕੜ ਵਿਚ ਫਸੇ ਹੋਏ ਮਨੁਖ ਨੂੰ ਮੋਹ ਦੀ ਬਹੁਤ ਕਰੜੀ ਪਕੜ ਹੋਈ ਹੋਈ ਹੈ। ਇਸ ਲਈ ਉਸਨੂੰ ਰੱਬ ਨਾਲੋਂ ਦਿਸਣਹਾਰ ਸੰਸਾਰ ਮਿੱਠਾ ਅਤੇ ਪਿਆਰਾ ਲਗਦਾ ਹੈ। ਉਹ ਰੱਬ ਦੀ ਹੋਂਦ ਨੂੰ ਭੁਲ ਹੀ ਜਾਂਦਾ ਹੈ–

ਜਿਚਰੁ ਦੂਜਾ ਭਰਮੁ ਸਾ, ਅੰਮਾਲੀ, ਤਿਚਰੁ ਮੈ ਜਾਣਿਆ ਪ੍ਰਭੁ ਦੂਰੇ ॥੫॥੧॥੬॥
[ਵਡਹੰਸ ਮ: ੫ (ਪੰਨਾ ੫੬੪]

ਦੂਜਾ ਭਰਮ, ਮਾਇਆ ਦਾ ਪਾਇਆ ਹੋਇਆ ਭੁਲੇਖਾ ਹੈ। ਇਸ ਲਈ ਜਿਥੇ ਭਰਮ ਹੋਵੇਗਾ ਉਥੇ ਭੈ ਲਾਜ਼ਮੀ ਹੈ। ਜੇ ਭਰਮ ਮਿਟ ਜਾਏ ਤਾਂ ਭੈ ਅਤੇ ਮੋਹ ਭੀ ਰਹਿ ਨਹੀਂ ਸਕਦੇ :–

ਭਰਮੁ ਗਇਆ, ਭੈ ਮੋਹ ਬਿਨਾਸੇ, ਮਿਟਿਆ ਸਗਲ ਵਿਸੂਰਾ ॥
ਨਾਨਕ, ਦਇਆ ਕਰੀ ਸੁਖਦਾਤੈ, ਭੇਟਿਆ ਸਤਿਗੁਰੁ ਪੂਰਾ ॥੬॥੫॥੫੨॥ [ਸੂਹੀ ਮ: ੫, ੭੪੮]

ਇਹ ਹੈ ਮਨੁਖ ਦਾ ਇਕ ਪ੍ਰਕਾਰ ਦਾ (ਮੁਢਲਾ) ਭੈ। ਭਰਮ ਅਤੇ ਭੈ ਦੇ ਅੰਧਕਾਰ ਵਿਚ ਪਤਾ ਨਹੀਂ ਅਸੀਂ


www.AKJ.Org

ਕਿੰਨਾ ਚਿਰ ਜੀਉਂਦੇ ਰਹਿੰਦੇ ਹਾਂ ? ਹੋ ਸਕਦੈ ਕਈ ਕਈ ਜਨਮ ਭੀ ਲਗ ਜਾਂਦੇ ਹੋਣ।

ਗੁਰ ਸਰਣਿ ਨ ਆਈਐ, ਬ੍ਰਹਮੁ ਨ ਪਾਈਐ ॥
ਭਰਮਿ ਭੁਲਾਈਐ, ਜਨਮਿ ਮਰਿ ਆਈਐ ॥੬॥ [ਪੰਨਾ ੯੦੪]

ਰਾਤ ਦੇ ਹਨੇਰੇ ਵਿਚ ਲਟਕ ਰਹੀ ਰਸੀ ਨੂੰ ਸੱਪ ਸਮਝ ਕੇ ਕੋਈ ਸਾਰੀ ਰਾਤ ਡਰਦਾ ਰਿਹਾ। ਜਦੋਂ ਦਿਨ ਚੜ੍ਹਿਆ, ਚਾਨਣੇ ਵਿਚ ਰੱਸੀ ਦਿਸੀ, ਤਾਂ ਆਪਣੇ ਆਪ ਤੇ ਹੱਸੀ ਆਈ ਕਿ ਮੈਂ ਭਰਮ ਵਿਚ ਹੀ ਰੱਸੀ ਸੱਪ ਮੰਨ ਕੇ, ਸਾਰੀ ਰਾਤ ਉਸ ਤੋਂ ਡਰਦਾ ਰਿਹਾ। ਭਗਤ ਰਵਿਦਾਸ ਜੀ ਇਸੇ ਖ਼ਿਆਲ ਦੀ ਪੁਸ਼ਟੀ ਕਰਦੇ ਹਨ–

ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥ ਜੈਸਾ ਮਾਨੀਐ, ਹੋਇ ਨ ਤੈਸਾ ॥੧॥ [ਸੋਰਠਿ, ਪੰਨਾ ੬੫੭]

ਭਰਮ-ਮਈ ਸੰਸਾਰ ਵਿਚ ਸਭ ਕੁਝ ਰੱਸੀ ਦੇ ਸਮਾਨ ਸੱਪ ਲਗਦਾ ਹੈ, ਪਰ ਅਸਲ ਕੁਝ ਹੋਰ ਹੁੰਦਾ ਹੈ ਤੇ ਦਿਸਦਾ ਕੁਝ ਹੋਰ। ਜੇ ਭਰਮ ਹੀ ਭੁਲੇਖਾ ਹੈ ਤਾਂ ਇਸ ਤੋਂ ਬਣਿਆ ਹੋਇਆ ਡਰ ਭੀ ਤਾਂ ਨਿਰਾਧਾਰ ਹੈ। ਪਰ ਜਿਥੇ ਭੁਲੇਖਾ ਤਕੜਾ ਪਿਆ ਹੋਵੇ, ਉਥੇ ਡਰ ਭੀ ਉਤਨਾ ਡੂੰਘਾ ਹੁੰਦਾ ਹੈ–

ਡਰਿ ਡਰਿ ਡਰਣਾ, ਮੋਨ ਕਾ ਸੋਰੁ ॥੧॥ ਰਹਾਉ ॥ [ਗਉੜੀ ਮ: ੧, ਪੰਨਾ ੧੫੧]

ਗੁਰਮਤੀ ਕਦਰਾਂ ਅਨੁਸਾਰ ਜਿਉਂ ਜਿਉਂ ਗੁਰਬਾਣੀ ਦਾ ਚਾਨਣ ਮਨ ਵਿਚ ਵਸਦਾ ਰਸਦਾ ਹੈ, ਮਨੁਖ ਇਸ ਭਰਮ-ਭੁਲੇਖੇ ਵਾਲੇ ਡਰ ਨੂੰ ਆਪਣੇ ਅੰਦਰੋਂ ਕੱਢ ਕੇ ਪਰਾਂ ਮਾਰਦਾ ਹੈ। ਸਤਿਗੁਰਾਂ ਦੇ ਲਗ ਪਗ ਸਵਾ ਦੋ ਸੌ ਸਾਲ ਦੇ ਪ੍ਰਚਾਰ ਨਾਲ ਪੰਜਾਬ ਦੇ ਆਮ ਲੋਕ, ਜਿਨ੍ਹਾਂ ਨੇ ਸਤਿਗੁਰਾਂ ਦੇ ਬਚਨ ਸੁਣੇ ਤੇ ਮੰਨੇ, ਉਹ ਇਤਨੇ ਨਿੱਡਰ ਹੋ ਗਏ ਕਿ ਉਹਨਾਂ ਨੇ ਨਾ ਕੇਵਲ ਅਠਾਰ੍ਹਵੀਂ ਸਦੀ ਦੇ ਅਬਦਾਲੀ ਜੈਸੇ ਜ਼ਾਲਮ ਜ਼ਰਵਾਣੇ ਲਈ ਹਿੰਦ ਦੇ ਦਰਵਾਜ਼ੇ ਸਦਾ ਲਈ ਬੰਦ ਕਰ ਦਿਤੇ, ਸਗੋਂ ਕਹਿੰਦੇ ਕਹਾਉਂਦੇ ਮੁਗਲੇ-ਆਜ਼ਮ ਦੀ ਸਲਤਨਤ ਦਾ ਪੰਜਾਬ ਵਿਚ ਤਾਂ ਭੋਗ ਹੀ ਪਾ ਦਿੱਤਾ।

ਦੂਜੇ ਪ੍ਰਕਾਰ ਦਾ ਡਰ ਉਹ ਹੈ, ਜਿਸ ਵਿਚ ਅਦਬ ਅਤੇ ਪ੍ਰੇਮ ਮਿਲਿਆ ਹੁੰਦਾ ਹੈ। ਨਵ-ਵਿਆਹੁਤਾ ਇਸਤ੍ਰੀ ਨੂੰ ਆਪਣੇ ਪਤੀ ਨਾਲ ਪ੍ਰੇਮ ਭੀ ਹੈ ਅਤੇ ਉਸ ਲਈ ਉਸਦੇ ਮਨ ਵਿਚ ਅਦਬ ਸਤਿਕਾਰ ਭੀ ਹੈ। ਉਪਰੋਕਤ ਸੰਸਾਰਕ ਡਰ ਵਿਚ ਅਦਬ ਅਤੇ ਪ੍ਰੇਮ ਦੀ ਥਾਂ ਨਫ਼ਰਤ ਅਤੇ ਬਦਲਾ ਹੁੰਦਾ ਹੈ, ਪਰ ਰੱਬੀ ਡਰ ਅੰਦਰ ਤਾਂ ਪਿਆਰ ਹੀ ਪਿਆਰ ਅਤੇ ਪੂਰਨ ਸਤਿਕਾਰ ਹੁੰਦਾ ਹੈ।

ਆਸਾ ਕੀ ਵਾਰ ਮ: ੧ ਵਿਚ ਰੱਬੀ ਭਉ ਬਾਰੇ ਦੋ ਸੰਕੇਤਾਂ ਵਿਚ ਗੁਰਦੇਵ ਜੀ ਨੇ ਦੋ ਬੜੇ ਅਹਿਮ ਨੁਕਤਿਆਂ ਵਲ ਸਾਡਾ ਧਿਆਨ ਦਿਵਾਇਆ ਹੈ–

ਨਾਨਕ, ਜਿਨ ਮਨਿ ਭਉ ਤਿਨ੍ਹਾ ਮਨਿ ਭਾਉ ॥੨॥੫॥

ਭਾਵ, ਜਿਨ੍ਹਾਂ ਦੇ ਮਨ ਅੰਦਰ ਵਾਹਿਗੁਰੂ ਜੀ ਦਾ ਅਦਬ ਅਤੇ ਡਰ ਹੁੰਦਾ ਹੈ, ਉਹਨਾਂ ਦੇ ਹਿਰਦੇ ਅੰਦਰ ਪਿਆਰ ਵਸਦਾ ਹੈ। ਉਹ ਹਰ ਇਕ ਨੂੰ ਪਿਆਰ ਕਰਦੇ ਹਨ। ਉਹ ਨਫ਼ਰਤ ਨਹੀਂ ਕਰਦੇ, ਕਿਉਂਕਿ ਉਹ ਸਭਨਾਂ ਵਿਚ ਵਾਹਿਗੁਰੂ ਦੇ ਦਰਸ਼ਨ ਕਰਦੇ ਹਨ। ਇੰਜ ਗੁਰਸਿੱਖ 'ਭੈ' ਅਤੇ 'ਭਾਉ' ਨਾਲ ਆਪਣੇ ਜੀਵਨ ਨੂੰ ਸੰਵਾਰਦਾ ਹੈ। ਆਤਮਕ ਵਿਕਾਸ ਦੀ ਉੱਚੀ ਮੰਜ਼ਲ ਤੇ ਪੁਜੇ ਹੋਏ ਗੁਰੂ ਅੰਗਦ ਦੇਵ ਜੀ ਨੇ ਆਸਾ ਕੀ ਵਾਰ ਦੀ ੨੩ਵੀਂ ਪਉੜੀ ਦੇ ਨਾਲ ਦੇ ਸਲੋਕ ਵਿਚ ਇਸ ਸੰਬੰਧ ਵਿਚ ਬੜਾ ਵੱਡਾ ਸਵਾਲ ਉਠਾਇਆ ਹੈ :–

ਏਹ ਕਿਨੇਹੀ ਚਾਕਰੀ, ਜਿਤੁ ਭਉ ਖਸਮ ਨ ਜਾਇ ॥?
ਨਾਨਕ, ਸੇਵਕ ਕਾਢੀਐ ਜਿ ਸੇਤੀ ਖਸਮ ਸਮਾਇ ॥੨॥੨੩॥ [ਪੰਨਾ ੪੭੫]

ਭਾਵ, ਸਚੇ ਪ੍ਰਭੂ ਦੀ ਸੇਵਾ ਕਰਦੇ ਕਰਦੇ ਦੋ ਗੱਲਾਂ ਪਰਤੱਖ ਹੁੰਦੀਆਂ ਹਨ, ਇਕ ਤਾਂ ਸੇਵਕ ਅਤੇ ਠਾਕੁਰ ਇਕ-ਰੂਪ ਹੋ ਜਾਂਦੇ ਹਨ, ਸੇਵਕ ਆਪਣੇ ਮਾਲਕ ਪ੍ਰਭੂ ਵਿਚ ਸਮਾਅ ਜਾਂਦਾ ਹੈ ਅਤੇ ਦੂਜੀ ਕਲਾ ਇਹ ਵਰਤਦੀ ਹੈ ਕਿ ਮਾਲਕ ਦਾ ਡਰ-ਭਉ ਮਾਲਕ ਵਿਚ ਸਮਾਅ ਜਾਣ ਤੋਂ ਮਗਰੋਂ ਖ਼ਤਮ ਹੋ ਜਾਂਦਾ ਹੈ। ਇਕ ਡੱਰੂ ਮਨੁਖ ਤੋਂ ਉਨਤ ਹੋ ਕੇ, ਨਿਡਰ ਮਨੁੱਖ ਤਕ ਦਾ ਸਫ਼ਰ ਹਰ ਜਗਿਆਸੂ ਨੇ ਤੈਅ ਕਰਨਾ ਹੈ। ਜਿਨ੍ਹਾਂ ਦੀ ਅਜੇ ਆਤਮਕ ਜਾਗ ਨਹੀਂ ਖੁਲ੍ਹੀ ਉਹਨਾਂ ਨੂੰ ਇਸ ਅੰਤਰਮੁਖੀ ਪ੍ਰਗਤੀ ਦੀ ਕੀ ਸਾਰ ?



www.AKJ.Org

ਜਿਨਿ ਕਿਨੈ ਪਾਇਆ ਸਾਧਸੰਗਤੀ, ਪੂਰੈ ਭਾਗਿ ਬੈਰਾਗਿ ॥
ਮਨਮੁਖ ਫਿਰਹਿ, ਨ ਜਾਣਹਿ ਸਤਿਗੁਰੁ, ਹਉਮੈ ਅੰਦਰਿ ਲਾਗਿ ॥
ਨਾਨਕ, ਸਬਦਿ ਰਤੇ, ਹਰਿ ਨਾਮਿ ਰੰਗਾਏ, ਬਿਨੁ ਭੈ ਕੇਹੀ ਲਾਗਿ ॥੪॥੮॥੪੧॥
[ਸਿਰੀ ਰਾਗ ਮ: ੩,-੨੯]

ਸਤਿਗੁਰੂ ਦੇ ਦ੍ਰਿੜ੍ਹਾਏ 'ਸ਼ਬਦ' ਨਾਲ ਜਗਿਆਸੂ ਹਰਿ ਨਾਮ ਵਿਚ ਰੰਗਿਆ ਜਾਂਦਾ ਹੈ। ਪਰ ਜਿਸ ਨੂੰ ਇਹ 'ਸ਼ਬਦ' ਹੀ ਨਹੀਂ ਮਿਲਿਆ ਅਤੇ ਜੋ ਗੁਰੂ ਵਾਲਾ ਹੀ ਨਹੀਂ ਬਣਿਆ, ਜੋ ਸਚੇ ਗੁਰਦੇਵ ਦੇ ਲੜ ਹੀ ਨਹੀਂ ਲਗਾ, ਉਹ ਕਿੰਜ ਭਗਤੀ ਕਰ ਸਕਦਾ ਹੈ ?

ਗੁਰਮਤੀ ਕਦਰਾਂ ਦੀ ਇਹੋ ਮੰਗ ਹੈ ਕਿ ਜਗਿਆਸਾ ਅਰੰਭ ਕਰਨ ਤੋਂ ਪਹਿਲਾਂ ਆਪਣੇ ਮਨ ਅੰਦਰ ਸ਼ਬਦ ਦੇ ਦਾਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਪੂਰਨ ਅਦਬ ਅਤੇ ਭੈ-ਭਾਵਨੀ ਧਾਰਨ ਕੀਤੀ ਜਾਏ। ਫਿਰ ਸਤਿਗੁਰੂ ਦੀ ਬਖਸ਼ਿਸ਼ ਦੁਆਰਾ ਨਿਰਭਉ ਹੋ ਕੇ ਭਗਵਾਨ ਭਜਿਆ ਜਾ ਸਕੇਗਾ–

ਨਿਰਭਉ ਹੋਇ, ਭਜਹੁ ਭਗਵਾਨ ॥੩॥੧੦੮॥ [ਗਉੜੀ ਮ: ੫, ਪੰਨਾ ੨੦੧]

ਮਾਝ ਕੀ ਵਾਰ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਜਗਿਆਸੂ ਲਈ ਇਕ ਸੋਝੀ ਦੇਣ ਵਾਲਾ ਪ੍ਰਸ਼ਨ ਕਰਦੇ ਹਨ–

ਦਿਸੈ, ਸੁਣੀਐ, ਜਾਣੀਐ, ਸਾਉ ਨ ਪਾਇਆ ਜਾਇ ॥
ਰੁਹਲਾ ਟੁੰਡਾ ਅੰਧੁਲਾ ਕਿਉ ਗਲਿ ਲਗੈ ਧਾਇ ॥? [ਪੰਨਾ ੧੩੯]

ਪ੍ਰਭੂ-ਪ੍ਰਮਾਤਮਾ ਕੁਦਰਤ ਵਿਚ ਵਸਦਾ ਦਿਸ ਰਿਹਾ ਹੈ, ਸਾਰੀ ਰਚਨਾ ਵਿਚ ਉਸ ਦੀ ਜੀਵਨ-ਰੌ ਸੁਣੀ ਜਾ ਰਹੀ ਹੈ, ਉਸ ਦੇ ਕਰਤਬਾਂ ਤੋਂ ਉਸ ਦੀ ਹੋਂਦ ਕੁਦਰਤ ਵਿਚ ਜਾਣੀ ਜਾ ਰਹੀ ਹੈ, ਪਰ ਉਸ ਦੇ ਮਿਲਾਪ ਦਾ ਸੁਆਦ ਜੀਵ ਨੂੰ ਪ੍ਰਾਪਤ ਨਹੀਂ ਹੁੰਦਾ, ਕਿਉਂਕਿ ਇਹ ਜੀਵ ਲੂਲ੍ਹਾ, ਟੁੰਡਾ ਤੇ ਅੰਨ੍ਹਾ ਹੋਇਆ ਹੋਇਆ ਹੈ, ਉਸ ਪਾਸ ਪ੍ਰਭੂ ਨੂੰ ਮਿਲਣ ਲਈ ਨਾ ਪੈਰ ਹਨ, ਨਾ ਹੱਥ ਤੇ ਨਾ ਹੀ ਅੱਖਾਂ ਹਨ। ਇਸ ਹਾਲਤ ਵਿਚ ਉਹ ਕਿਵੇਂ ਪ੍ਰਭੂ ਦੇ ਗਲ ਲਗ ਸਕਦਾ ਹੈ ?

ਸਤਿਗੁਰੂ ਜੀ ਅਗਲੀਆਂ ਦੋ ਤੁਕਾਂ ਵਿਚ ਸਪਸ਼ਟ ਕਰਦੇ ਹਨ ਕਿ ਪ੍ਰਭੂ-ਕੰਤ ਦੇ ਮਿਲਾਪ ਲਈ ਲੋੜ ਹੈ ਕਿ ਜੀਵ ਪ੍ਰਭੂ ਦੇ ਭੈ ਵਿਚ ਵਿਚਰਨ ਦੇ ਪੈਰ ਬਣਾਵੇ, ਉਸ ਦੀ ਪ੍ਰੇਮ ਸਹਿਤ ਸੇਵਾ ਕਰਨ ਨੂੰ ਹੱਥ ਬਣਾਵੇ ਅਤੇ ਆਪਣੀ ਸੁਰਤੀ ਨੂੰ ਉਸ ਦੇ ਚਰਨਾਂ ਵਿਚ ਜੋੜਨ ਲਈ ਉੱਚੀ ਦ੍ਰਿਸ਼ਟੀ ਵਾਲੀਆਂ ਅੱਖਾਂ ਬਣਾਵੇ। ਇਉਂ ਕੀਤਿਆਂ ਹੀ ਪ੍ਰਭੂ-ਪਤੀ ਮਿਲ ਸਕਦਾ ਹੈ।

ਉਪਰਲੀ ਸਾਰੀ ਵੀਚਾਰ ਦਾ ਸਿੱਟਾ ਗੁਰੂ ਅਮਰਦਾਸ ਜੀ ਦੇ ਹੇਠਾਂ ਦਿਤੇ ਦੋ ਸਲੋਕਾਂ ਵਿਚ ਆ ਜਾਂਦਾ ਹੈ। ਪਹਿਲੇ ਸਲੋਕ ਵਿਚ ਫੁਰਮਾਇਆ ਕਿ ਸੰਸਾਰ ਡਰ-ਸਹਿਮ ਵਿਚ ਜੰਮਦਾ ਹੈ, ਡਰ-ਸਹਿਮ ਵਿਚ ਮਰਦਾ ਹੈ ਅਤੇ ਇਹ ਡਰ ਹੀ ਹਰ ਵੇਲੇ ਹਿਰਦੇ ਵਿਚ ਸਮਾਇਆ ਰਹਿੰਦਾ ਹੈ। ਪਰ ਜੇ ਵਾਹਿਗੁਰੂ ਜੀ ਦੇ ਭੈ ਵਿਚ ਆਪਾਭਾਵ ਮਿਟਾ ਲਿਆ ਜਾਵੇ ਤਾਂ ਜੀਵਨ ਸਫਲ ਹੁੰਦਾ ਹੈ–

(੧) ਭੈ ਵਿਚਿ ਜੰਮੈ, ਭੈ ਮਰੈ, ਭੀ ਭਉ ਮਨ ਮਹਿ ਹੋਇ ॥
ਨਾਨਕ, ਭੈ ਵਿਚਿ ਜੇ ਮਰੈ, ਸਹਿਲਾ ਆਇਆ ਸੋਇ ॥੧॥੨੫॥ [ਸਲੋਕ ਮ: ੩, ੧੪੯]
(੨) ਭੈ ਵਿਣੁ ਜੀਵੈ ਬਹੁਤੁ ਬਹੁਤੁ, ਖੁਸੀਆ ਖੁਸੀ ਕਮਾਇ ॥
ਨਾਨਕ, ਭੈ ਵਿਣੁ ਜੇ ਮਰੈ, ਮੁਹਿ ਕਾਲੈ ਉਠਿ ਜਾਇ ॥੨॥੨੫॥ [ਮ: ੩, ੧੪੯]

ਇਸ ਦੂਜੇ ਸਲੋਕ ਵਿਚ ਨਿਰਣਾ ਕਰ ਦਿੱਤਾ ਹੈ ਕਿ ਜੋ ਪ੍ਰਾਣੀ ਬਹੁਤ ਲੰਮੀ ਉਮਰ ਬਿਤਾ ਕੇ ਅਤੇ ਰੰਗ-ਰਲੀਆਂ ਮਾਣਦਾ ਹੋਇਆ, ਪ੍ਰਭੂ ਦੀ ਭੈ-ਭਾਵਨੀ ਤੋਂ ਬਿਨਾਂ ਇਸ ਸੰਸਾਰ ਤੋਂ ਕੂਚ ਕਰ ਜਾਂਦਾ ਹੈ, ਉਹ ਮੁਕਾਲਖ ਹੀ ਖਟ ਕੇ ਜਾਂਦਾ ਹੈ। ਉਹ ਸੱਚੀ ਦਰਗਾਹੇ ਪਰਵਾਨ ਨਹੀਂ ਪੈਂਦਾ। ਉਸ ਦਾ ਉਥੇ ਮੂੰਹ ਕਾਲਾ ਹੀ ਹੋਵੇਗਾ ਅਤੇ ਕਈ ਤਰ੍ਹਾਂ ਦੀਆਂ ਸਜ਼ਾਵਾਂ ਭੁਗਤਣੀਆਂ ਪੈਣਗੀਆਂ।


www.AKJ.Org

# ਧਿਆਨ–ਗੁਰ ਸ਼ਬਦ ਦੀ ਧੁਨੀ ਨਾਲ (੩)

[ਪ੍ਰਿੰਸੀਪਲ ਸੱਜਣ ਸਿੰਘ ਜੀ, 618–ਗੋਬਿੰਦਪੁਰੀ, ਨਵੀਂ ਦਿੱਲੀ–19]

ਸਤਿਗੁਰ ਨਾਨਕ ਦੇਵ ਜੀ ਨੇ ਸਗਲ ਜਗਤ ਦੇ ਪ੍ਰਾਣੀਆਂ ਨੂੰ ਨਾਮ ਦੀ ਮਹਿਮਾ ਦ੍ਰਿੜ੍ਹਾਈ, ਨਾਮ ਦੀ ਬਖ਼ਸ਼ਸ਼ ਕੀਤੀ ਅਤੇ ਨਾਮ ਜੱਪਣ ਦੀ ਉਹ ਵੱਡਮੁਲੀ ਜੁਗਤੀ ਬਖਸ਼ੀ ਜਿਸ ਦੀ ਮਹਿਮਾ ਇਨਸਾਨੀ ਜੀਭਾ ਦੇ ਕਥਨ ਤੋਂ ਬਾਹਰ ਹੈ। ਇਹ ਉਹ ਮਾਣਕ ਹੈ ਜਿਸਨੂੰ ਦੇਵਤੇ ਤਰਸਦੇ ਹਨ ਤੇ ਉਨ੍ਹਾਂ ਨੂੰ ਪ੍ਰਾਪਤ ਨਹੀਂ ਹੁੰਦਾ। ਕਾਠ-ਕਠੂਲੇ ਸੁੱਕੇ ਕੁਮਲਾਏ ਹਿਰਦਿਆਂ ਨੂੰ ਸਰਸਬਜ਼ ਕਰਨ ਵਾਲਾ, ਰੋਮ ਰੋਮ ਅੰਦਰ ਪ੍ਰੇਮ-ਤਰੰਗਾਂ ਦੀਆਂ ਝੜੀਆਂ ਲਾਉਣ ਵਾਲਾ ਅਤੇ ਬਿਜਲੀ ਵਾਂਗ ਝਰਨਾਟ ਛੇੜਨ ਵਾਲਾ ਕੀਮਤੀ ਤੁਹਫ਼ਾ ਸ਼ਬਦ ਸੁਰਤਿ ਦਾ ਅਭਿਆਸ ਹੈ। ਸਾਧਾਰਨ ਸ਼ਬਦਾਂ ਵਿਚ ਇਸ ਦਾ ਅਰਥ ਸ਼ਬਦ ਨੂੰ ਲਗਾਤਾਰ ਧਿਆਨ ਵਿੱਚ ਰੱਖਣਾ ਅਤੇ ਸਾਵਧਾਨ ਹੋਇਕੈ ਸੁਣਨਾ ਹੈ। ਗੁਰਮੁਖ ਜਨ ਇਸ ਨੂੰ ਸ਼ਬਦ ਸੁਰਤਿ ਦਾ ਮੇਲ ਵੀ ਆਖਦੇ ਹਨ। ਨਿੱਜੀ ਤੌਰ ਤੇ ਵਰਤੋਂ ਵਿਚ ਲਿਆਉਣ ਵਾਲਾ ਸਰੂਪ ਵਾਹਿਗੁਰੂ ਸ਼ਬਦ ਨੂੰ ਆਪਣੀ ਰਸਨਾ ਦੁਆਰਾ ਉਚਾਰਨਾ ਅਤੇ ਇੱਕ-ਚਿਤ ਹੋ ਕੇ ਸੁਰਤਿ ਦੁਆਰਾ ਸੁਣਨਾ ਹੈ।

ਹਜ਼ੂਰ ਨੇ ਆਪਣੀ ਪ੍ਰਸਿੱਧ ਬਾਣੀ ਸਿੱਧ ਗੋਸਟਿ ਵਿੱਚ, ਇਸ ਡਰਾਉਣੇ ਭਵਸਾਗਰ ਨੂੰ ਪਾਰ ਕਰਨ ਦਾ ਦੁਰਲੱਭ ਸਾਧਨ 'ਸ਼ਬਦ ਸੁਰਤਿ ਦਾ ਪਰਚਾ ਪਾਉਣਾ' ਫ਼ੁਰਮਾਇਆ ਹੈ। ਚਰਪਟ ਦੁਆਰਾ ਪੁੱਛੇ ਗਏ ਪ੍ਰਸ਼ਨਾਂ ਤੇ ਉਨ੍ਹਾਂ ਦੇ ਉੱਤਰ ਨੂੰ ਆਪ ਜੀ ਨੇ ਇਸ ਤਰ੍ਹਾਂ ਵਰਣਨ ਕੀਤਾ ਹੈ–

ਦੁਨੀਆ ਸਾਗਰੁ ਦੁਤਰੁ ਕਹੀਐ ਕਿਉ-ਕਰਿ ਪਾਈਐ ਪਾਰੋ ॥
ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ ॥
ਆਪੇ ਆਖੈ ਆਪੇ ਸਮਝੈ ਤਿਸੁ ਕਿਆ ਉਤਰੁ ਦੀਜੈ ॥
ਸਾਚੁ ਕਹਹੁ ਤੁਮ ਪਾਰਗਰਾਮੀ ਤੁਝ ਕਿਆ ਬੈਸਣੁ ਦੀਜੈ ॥੪॥
ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ ॥
ਸੁਰਤਿ ਸਬਦਿ ਭਵਸਾਗਰ ਤਰੀਐ ਨਾਨਕ ਨਾਮੁ ਵਖਾਣੇ ॥
ਰਹਹਿ ਇਕਾਂਤ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ ॥
ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕ ਤਾ ਕਾ ਦਾਸੋ ॥੫॥ [ਪੰਨਾ ੯੩੮]

ਜੋਗੀਆਂ ਨੇ ਨਾਮ ਜਪਣ ਦੀ ਵਿਧੀ ਨੂੰ ਗ਼ਲਤ ਢੰਗ ਨਾਲ ਅਪਣਾਇਆ। ਉਹ ਤਨ ਕਰਕੇ ਸੰਸਾਰ ਤੋਂ ਟੁੱਟ ਗਏ ਤੇ ਪਰਉਪਕਾਰੀ ਕਾਰਜ ਨਹੀਂ ਕਰ ਸਕੇ। ਦੂਸਰੇ ਪਾਸੇ ਨਾਮ ਨਾਲ ਜੁੜਨ ਦੀ ਥਾਂ ਕਰਾਮਾਤਾਂ ਵਿਚ ਫੱਸ ਗਏ। ਆਪ ਜੀ ਨੇ ਉਨ੍ਹਾਂ ਨੂੰ ਸੰਸਾਰ ਵਿੱਚ ਕਮਲ ਤੇ ਮੁਰਗਾਬੀ ਵਾਂਗ ਰਹਿਣ ਦਾ ਉਪਦੇਸ਼ ਦਿੱਤਾ।

ਭਗਤ ਕਬੀਰ ਜੀ ਧਿਆਨ ਦੀਆਂ ਗੁੱਝੀਆਂ ਰਮਜ਼ਾਂ ਇੰਜ ਸਮਝਾਉਂਦੇ ਹਨ :–

ਖਿੰਥਾ ਗਿਆਨ ਧਿਆਨ ਕਰਿ ਸੂਈ ਸਬਦੁ ਤਾਗਾ ਮਥਿ ਘਾਲੈ ॥
ਪੰਚ ਤਤੁ ਕੀ ਕਰਿ ਮਿਰਗਾਣੀ ਗੁਰ ਕੈ ਮਾਰਗਿ ਚਾਲੈ ॥੨॥੭॥

[ਆਸਾ ਕਬੀਰ ਜੀ, ਪੰਨਾ ੪੭੭]

ਸ਼ਬਦ ਸੁਰਤਿ ਦੇ ਮਿਲਾਪ ਦੀ ਕਿੰਨੀ ਵਿਸ਼ੇਸ਼ਤਾ ਹੈ ! ਜੇ ਧਿਆਨ ਦੀ ਸੂਈ ਵਿੱਚ ਸ਼ਬਦ ਰੂਪੀ ਧਾਗਾ ਨਾ ਹੋਵੇ ਤਾਂ ਕਪੜਾ ਸੀਤਾ ਨਹੀਂ ਜਾ ਸਕਦਾ। ਏਸੇ ਤਰ੍ਹਾਂ ਵਿਚਾਰੀ ਇਕੱਲੀ ਸੂਈ ਵੀ ਕੀ ਕਰੇਗੀ ਜੇ ਸੂਈ ਤੋਂ ਧਾਗਾ ਵੱਖ ਹੋ ਜਾਵੇ ? ਜੋਗੀਆਂ ਨੇ ਜਿੰਨਾ ਧਿਆਨ ਸੂਈ ਵਲ ਦਿੱਤਾ ਹੈ, ਓਨਾ ਧਾਗੇ ਵਲ ਨਹੀਂ। ਉਨ੍ਹਾਂ ਨੇ ਹੱਠ ਤੇ ਮਨ ਦੀ ਇਕਾਗਰਤਾ ਨੂੰ ਅਧਿਕ ਮਹੱਤਤਾ ਦਿੱਤੀ ਹੈ ਤੇ ਗੁਰਮਤਿ ਨਾਮ ਨੂੰ ਨਾ ਬਰਾਬਰ।

ਭਾਈ ਗੁਰਦਾਸ ਜੀ ਬਚਨ ਕਰਦੇ ਹਨ ਕਿ ਬਗਲਿਆਂ ਦੀ ਰੀਸ ਵਾਂਗ, ਦੇਖਾ ਦੇਖੀ ਜਾਂ ਫੋਕਟ ਗਿਆਨ ਦੁਆਰਾ ਹੰਭਲਾ ਮਾਰਨ ਵਾਲੇ ਮਨਮੁਖ ਉਡਾਰੀ ਲਾ ਕੇ ਥੱਕ ਜਾਂਦੇ ਹਨ ਤੇ ਗੁਰਮੁਖਾਂ ਦੀ ਮੰਜ਼ਲ ਤਕ



www.AKJ.Org

ਨਹੀਂ ਪਹੁੰਚਦੇ :-

ਲੱਖ ਧਿਆਨ ਸਮਾਧਿ ਲਾਇ ਗੁਰਮੁਖਿ ਰੂਪਿ ਨ ਅਪੜਿ ਸਕੈ ॥
ਲੱਖ ਗਿਆਨ ਵਖਾਣਿ ਕਰਿ ਸਬਦ ਸੁਰਤਿ ਉਡਾਰੀ ਥੱਕੈ ॥ [ਵਾਰ ੨੮, ਪਉੜੀ ੨੨]

ਇਸ ਦੇ ਵਿਪਰੀਤ ਗੁਰੂ ਨਾਨਕ ਜੀ ਨੇ ਪ੍ਰੇਮਾ-ਭਗਤੀ ਦੁਆਰਾ ਗਗਨ-ਉਡਾਰੀਆਂ ਲਾਉਣ ਦੀ ਬਖ਼ਸ਼ਸ਼ ਪਰਦਾਨ ਕੀਤੀ ਅਤੇ ਅਧਿਆਤਮਕ ਖੇਤਰ ਵਿੱਚ ਗੁਰਸਿੱਖੀ ਨੂੰ ਵਿਲਖੱਣ ਤੇ ਸ਼੍ਰੋਮਣੀ ਅਸਥਾਨ ਬਖਸ਼ਿਆ ।

ਸ਼ਬਦ ਸੁਰਤਿ ਦੇ ਭਾਵ ਨੂੰ ਸਪਸ਼ਟ ਕਰਨ ਲਈ ਹਜ਼ੂਰ ਨੇ ਸਾਧਾਰਨ ਜੀਵ ਲਈ ਮ੍ਰਿਗ ਦੇ ਅਨੇਕ ਦ੍ਰਿਸ਼ਟਾਂਤ ਦਿੱਤੇ ਹਨ । ਜਿਵੇਂ ਹਿਰਨ, ਕੁਰੰਕ ਜਾਂ ਮ੍ਰਿਗ ਕੰਨਾਂ ਨਾਲ ਆਵਾਜ਼ ਸੁਣ ਕੇ ਆਪਣਾ ਧਿਆਨ ਜਾਂ ਦਿਲ, ਧੁਨੀ ਵਲ ਹੀ ਸੌਂਪ ਦਿੰਦਾ ਹੈ, ਏਸੇ ਤਰ੍ਹਾਂ ਮਨ ਨੂੰ ਅਕਾਲ ਪੁਰਖ ਦੇ ਪਾਵਨ ਨਾਮ ਦੀ ਧੁਨੀ ਨਾਲ ਜੁੜਨ ਦਾ ਉਪਦੇਸ਼ ਹੈ :-

ਨਿਸਿ ਕੁਰੰਕ ਜੈਸੇ ਨਾਦ ਸੁਣਿ, ਸ੍ਰਵਣੀ ਹੀਉ ਡਿਵੈ ਮਨ ਐਸੀ ਪ੍ਰੀਤਿ ਕੀਜੈ ॥੪॥
[ਆਸਾ ਮਹਲਾ ੫, ਪੰਨਾ ੪੫੫]

ਘੰਡੇ ਹੇੜੇ ਦੀ ਧੁਨੀ ਸੁਣ ਕੇ ਹਿਰਨ ਦਾ ਹਿਰਦਾ ਵਿੰਨ੍ਹਿਆ ਜਾਂਦਾ ਹੈ, ਉਹ ਮਸਤ ਹੋ ਕੇ ਆਵਾਜ਼ ਵਲ ਧਾਂਵਦਾ ਹੈ ਤੇ ਨਤੀਜੇ ਦੀ ਕੋਈ ਪਰਵਾਹ ਨਹੀਂ ਕਰਦਾ । ਏਸੇ ਤਰ੍ਹਾਂ ਸੰਤ ਜਨਾਂ ਦੀ ਪ੍ਰੀਤੀ ਅਤੀ ਪ੍ਰਬਲ ਹੈ, ਉਨ੍ਹਾਂ ਦੀ ਤ੍ਰਿਪਤੀ ਪਰਮਾਤਮਾ ਦੇ ਦਰਸ਼ਨ ਦੁਆਰਾ ਹੀ ਹੁੰਦੀ ਹੈ :-

ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥
ਤਿਉ ਸੰਤ ਜਨਾ ਹਰਿ ਪ੍ਰੀਤਿ ਹੈ, ਦੇਖਿ ਦਰਸੁ ਅਘਾਵੈ ॥੧੨॥
[ਵਾਰ ਜੈਤਸਰੀ ਮ: ੫, ਪੰਨਾ ੭੦੮]

ਏਥੇ ਕੇਵਲ ਆਵਾਜ਼ ਉੱਤੇ ਮਸਤ ਹੋਣ ਦਾ ਦ੍ਰਿਸ਼ਟਾਂਤ ਹੈ। ਵਾਸਤਵ ਵਿੱਚ ਹਿਰਨ ਨੂੰ ਸ਼ਬਦ ਦੀ ਕੋਈ ਸੋਝੀ ਨਹੀਂ, ਪਰਖ ਨਹੀਂ, ਪਛਾਣ ਨਹੀਂ । ਉਹ ਰਸਨਾ ਦੁਆਰਾ ਬੋਲ ਨਹੀਂ ਸਕਦਾ, ਕੀ ਕਹਿਣਾ ਹੈ, ਸਮਝਾ ਨਹੀਂ ਸਕਦਾ। ਪਰ ਇਨਸਾਨ ਗੁਰ-ਸ਼ਬਦ ਦੇ ਅਰਥ-ਭਾਵ ਨੂੰ ਸਮਝ ਕੇ ਹਿਰਦੇ ਵਿੱਚ ਵਸਾ ਸਕਦਾ ਹੈ ਤੇ ਦੂਸਰੇ ਨੂੰ ਆਪਣੇ ਜਜ਼ਬਾਤ ਰਸਨਾ ਦੁਆਰਾ ਪਹੁੰਚਾ ਸਕਦਾ ਹੈ । ਇਸ ਤਰ੍ਹਾਂ ਵਾਹਿਗੁਰੂ ਦੇ ਦੈਵੀ ਗੁਣ ਧਾਰਨ ਕਰਨ ਵਾਲੇ ਗੁਰਸਿੱਖ ਜਦ ਸ਼ਬਦ-ਸੁਰਤਿ ਦਾ ਅਭਿਆਸ ਕਰਦੇ ਹਨ, ਉਨ੍ਹਾਂ ਤੇ ਅਕਹਿ ਕਲਾ ਵਰਤ ਜਾਂਦੀ ਹੈ । ਸਾਧ ਸੰਗਤ ਵਿਚ ਅਨਹਦ ਸ਼ਬਦ ਸੁਰਤਿ ਵਿਚ ਲਿਵਲੀਨ ਤੇ ਕੀਰਤਨ ਵਿਚ ਮਗਨ ਹੋਇਕੈ ਵਜਦ ਵਿਚ ਆਉਣ ਵਾਲੇ ਮਸਤਾਨੇ, ਸਾਧ ਸੰਗਤ ਵਿਚ ਪਿਰਮ ਪਿਆਲਾ ਚੱਖ ਕੇ, ਜਿਹੜਾ ਅਗੰਮੀ ਸਰੂਰ ਤੇ ਨਸ਼ਾ ਪ੍ਰਾਪਤ ਕਰਦੇ ਹਨ, ਉਸ ਦਾ ਵਰਨਣ ਭਾਈ ਗੁਰਦਾਸ ਜੀ ਉਦਾਹਰਣ ਸਹਿਤ ਕਰਦੇ ਹਨ :-

ਪਿਰਮ ਪਿਆਲਾ ਸਾਧ ਸੰਗਿ ਸਬਦ ਸੁਰਤਿ ਅਨਹਦ ਲਿਵ ਲਾਈ ॥
ਧਿਆਨੀ ਚੰਦ ਚਕੋਰ ਗਤਿ, ਅੰਮ੍ਰਿਤ ਦ੍ਰਿਸਟਿ ਸ੍ਰਿਸਟਿ ਵਰਸਾਈ ॥
ਘਨਹਰ ਚਾਤ੍ਰਿਕ ਮੋਰ ਜਿਉ, ਅਨਹਦ ਧੁਨਿ ਸੁਣਿ ਪਾਇਲ ਪਾਈ ॥
[ਵਾਰ ੧੧, ਪਉੜੀ ੮]

ਸ਼ਬਦ ਸੁਰਤਿ ਦੇ ਭਾਵ ਨੂੰ ਪ੍ਰਗਟਾਉਣ ਲਈ ਦਾਤਾਰ ਪਿਤਾ ਨੇ (੧) ਸ਼ਬਦ ਤੇ ਸੁਰਤਿ ਦਾ ਸੰਬੰਧ (੨) ਇਸ ਵਿਧੀ ਦੀ ਵਿਸ਼ੇਸ਼ਤਾ ਇਨ੍ਹਾਂ ਅਮੋਲਕ ਬਚਨਾਂ ਦੁਆਰਾ ਪ੍ਰਗਟਾਈ ਹੈ :-

ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ...॥੪੪॥
ਇਤ ਉਤ ਕਿਸ ਕਉ ਜਾਣਿ ਸਮਾਵੈ ॥ ਕਵਨ ਧਿਆਨੁ ਮਨ ਮਨਹਿ ਸਮਾਵੈ...॥੪੫॥
ਅੰਤਰਿ ਬਾਹਰਿ ਏਕੋ ਜਾਣੈ ॥ ਨਾਨਕ ਅਗਨਿ ਮਰੈ ਸਤਿਗੁਰ ਕੈ ਭਾਣੈ ॥੪੬॥
[ਰਾਮਕਲੀ ਮਹਲਾ ੧ ਸਿਧ ਗੋਸਟਿ, ੯੪੩]



www.AKJ.Org

ਪਹਿਲਾਂ ਵਾਹਿਗੁਰੂ ਨੂੰ ਅੰਗ ਸੰਗ, ਅੰਤਰਿ ਬਾਹਰਿ, ਸਰਬ ਵਿਆਪਕ ਸਮਝ ਕੇ ਮਨ ਦੀ ਇਕਾਗਰਤਾ ਤੇ ਸਾਵਧਾਨਤਾ ਦੁਆਰਾ ਸੁਖਾਵਾਂ ਤੇ ਅਨਕੂਲ ਮਾਹੌਲ ਬਣਾਉਣਾ ਜ਼ਰੂਰੀ ਹੈ। ਫਿਰ ਸੋਚਾਂ ਵਿਚਾਰਾਂ, ਅਰਥਾਂ, ਭਾਵਾਂ ਤੋਂ ਉੱਚਾ ਉੱਠ ਕੇ ਪ੍ਰੇਮ-ਭਾਵਨਾ ਭਰੀ ਨਾਮ ਤਰੰਗੀ ਅਵਸਥਾ ਵਿਚ ਸਮਾਉਣਾ ਹੈ। ਇਸ ਸਮੇਂ ਜਦ ਸ਼ਬਦ ਧੁਨੀ ਵਿਚ ਧਿਆਨ ਸਥਿਰ ਹੋ ਜਾਵੇ ਤਾਂ ਉਸ ਧਿਆਨ ਦੁਆਰਾ ਵਾਹਿਗੁਰੂ ਦੀ ਅੱਕਥ ਕਥਾ ਤੇ ਲਖਤਾ ਜਾਣੀ ਜਾਂਦੀ ਹੈ। ਹਜ਼ੂਰ ਦਾ ਹੁਕਮ ਹੈ :–

> ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ ॥
> ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ ॥੩॥
> ਮਨ ਮਹਿ ਜੋਤਿ ਜੋਤਿ ਮਹਿ ਮਨੂਆ ਪੰਚ ਮਿਲੇ ਗੁਰ ਭਾਈ ॥
> ਨਾਨਕ ਤਿਨ ਕੈ ਸਦ ਬਲਿਹਾਰੀ ਜਿਨ ਏਕ ਸਬਦਿ ਲਿਵ ਲਾਈ ॥੪॥੯॥
> [ਰਾਮਕਲੀ ਮਹਲਾ ੧, ਪੰਨਾ ੮੭੯]

ਐਸੀ ਵਿਸਮਾਦੀ ਦਸ਼ਾ ਵਿਰਲੇ ਵਡਭਾਗੀਆਂ ਨੂੰ ਪ੍ਰਾਪਤ ਹੁੰਦੀ ਹੈ, ਕਹਿਣ ਸੁਣਨ ਵਾਲੇ ਅਨੇਕਾਂ ਹਨ। ਧੰਨ ਹਨ ਉਨ੍ਹਾਂ ਦੇ ਕੰਨ, ਜਿਹਬਾ ਤੇ ਹਿਰਦਾ, ਜਿਨ੍ਹਾਂ ਦੇ ਕਰਮ ਧਰਮ ਦੇ ਸੰਗਮ ਹੋਣ ਨਾਲ ਅਨੋਖੀ ਕਰਾਮਾਤੀ ਕਲਾ ਵਰਤ ਜਾਂਦੀ ਹੈ। ਉਲਟਾ ਪਿਆ ਕਮਲ ਖਿੜਾਉਣ ਲਈ ਤੇ ਅਨਹਦ ਸ਼ਬਦ ਪ੍ਰਗਟਾਉਣ ਲਈ ਗੁਰਦੇਵ ਜੀ ਨੇ ਸੁੰਦਰ ਬਚਨ ਦਿੱਤੇ ਹਨ :–

> ਸ੍ਰਵਣੀ ਸੁਣੀਐ, ਰਸਨਾ ਗਾਈਐ, ਹਿਰਦੈ ਧਿਆਈਐ ਸੋਈ ॥
> ਕਰਣ ਕਾਰਣ ਸਮਰਥ ਸੁਆਮੀ ਜਾ ਤੇ ਬ੍ਰਿਥਾ ਨ ਕੋਈ ॥੩॥੧੦॥ [ਸੋਰਠਿ ਮ: ੫,ਪੰਨਾ ੬੧੧]

ਮਹਾਂ ਪੁਰਸ਼ਾਂ ਅਨੁਸਾਰ ਇਹ ਇਸ਼ਕ ਪਿਆਰ ਦੀ ਖੇਡ ਹੈ, ਫੋਕਟ ਧਿਆਨ ਦੀ ਨਹੀਂ। ਇਹ ਰਿੱਧੀ ਸਿੱਧੀ, ਦ੍ਵੈਤ, ਦਿਖਾਵੇ ਦੇ ਪ੍ਰਭਾਵ ਤੋਂ ਉੱਤੇ ਇਕਮਿੱਕਤਾ ਤੇ ਖੇੜੇ ਦਾ ਸਥਾਨ ਹੈ। ਹਜ਼ੂਰ ਦਾ ਹੁਕਮ ਹੈ :–

> ਹਰਿ ਆਪੇ ਸਬਦੁ ਸੁਰਤਿ ਧੁਨਿ ਆਪੇ ॥ ਹਰਿ ਆਪੇ ਵੇਖੈ ਵਿਗਸੈ ਆਪੇ ॥
> ਹਰਿ ਆਪਿ ਜਪਾਇ ਆਪੇ ਹਰਿ ਜਾਪੇ ॥੨॥੪੪॥ [ਗਉੜੀ ਗੁ: ਮ: ੪, ਪੰਨਾ ੧੬੫]

ਭਾਈ ਗੁਰਦਾਸ ਜੀ ਨੇ ਸ਼ਬਦ ਸੁਰਤਿ ਦੇ ਸੁਖ-ਫਲ ਦੀ ਅਗਾਧ ਬੋਧ ਮਹਿਮਾ ਦਾ ਵਿਸਥਾਰ ਪੂਰਬਕ ਵਰਨਣ ਕਰਕੇ ਸਿੱਖ ਪੰਥ ਦੀ ਵੱਡਮੁੱਲੀ ਸੇਵਾ ਕੀਤੀ ਹੈ। ਇਉਂ ਪਰਤੀਤ ਹੁੰਦਾ ਹੈ ਕਿ ਸ਼ਬਦ ਕਮਾਈ ਦੀ ਇਹ ਵਿਧੀ (ਜਿਸ ਵਲੋਂ ਵਰਤਮਾਨ ਸਿਖ ਪੰਥ ਨੇ ਬਹੁਤ ਅਣਗਹਿਲੀ ਕੀਤੀ ਹੈ) ਗੁਰੂ ਸਾਹਿਬਾਨ ਦੇ ਸਰੀਰਕ ਤੌਰ ਤੇ ਹੁੰਦਿਆਂ ਬਹੁਤ ਪ੍ਰਚੱਲਤ ਸੀ। ਜਿੱਥੇ ਭੱਟਾਂ ਨੇ ਸ਼ਬਦ "ਬਿਧਿ" ਦਾ ਵਰਣਨ ਕੀਤਾ ਹੈ, ਉਥੇ ਭਾਈ ਸਾਹਿਬ ਨੇ ਸ਼ਬਦ ਸੁਰਤਿ ਦੇ ਜਾਪ ਨੂੰ ਬਾਰ ਬਾਰ ਦੁਹਰਾਇਆ ਹੈ। ਇਹ ਸਹਿਜ ਸੁਭਾਇ ਨਹੀਂ ਹੋਇਆ, ਉਨ੍ਹਾਂ ਨੇ ਜਾਣ ਬੁੱਝ ਕੇ ਇਸ ਦੀ ਉੱਤਮਤਾ ਤੇ ਸ੍ਰੇਸ਼ਟਤਾ ਨੂੰ ਉਜਾਗਰ ਕੀਤਾ ਹੈ।

ਸ਼ਬਦ ਦੁਆਰਾ ਸਰੀਰ ਵਿੱਚ ਪ੍ਰਗਟਿਆ ਉਜਾਲਾ, ਉਨਮਨੀ ਜੋਤਿ ਦਾ ਪ੍ਰਗਟਾਵਾ, ਅਨਹਦ ਲਿਵਲੀਨਤਾ, ਦੇਹੋਂ ਬਿਦੇਹ ਹੋਣਾ ਅਤੇ ਅਸਚਰਜਤਾ ਭਰੇ ਕੌਤਕਾਂ ਦਾ ਤਜਰਬਾ ਭਾਈ ਸਾਹਿਬ ਆਪਣੇ ਕਬਿੱਤ ਵਿੱਚ ਇਉਂ ਦਰਸਾਂਦੇ ਹਨ:–

> ਚਰਣ ਕਮਲ ਭਜ ਕਮਲ ਪ੍ਰਗਾਸ ਭਏ, ਦਰਸ ਦਰਸ ਸਮਦਰਸ ਦਿਖਾਏ ਹੈਂ ॥
> ਸਬਦ ਸੁਰਤਿ ਅਨਹਦ ਲਿਵ ਲੀਨ ਭਏ, ਉਨਮਨ ਮਗਨ ਗਗਨ ਪੁਰ ਛਾਏ ਹੈਂ ॥
> ਪ੍ਰੇਮ ਰਸ ਬਸ ਹੋਇ ਬਿਸਮ ਬਿਦੇਹ ਭਏ, ਅਤਿ ਅਸਚਰਜ ਮੈਂ ਹੇਰਤ ਹਿਰਾਏ ਹੈਂ ॥
> ਗੁਰਮੁਖਿ ਸੁਖਫਲ ਮਹਿਮਾ ਅਗਾਧ ਬੋਧ, ਅਕਥ ਕਥਾ ਬਿਨੋਦ ਕਹਿਤ ਨ ਆਏ ਹੈਂ ॥੩੩॥



www.AKJ.Org

# ਗੁਰੂ ਗ੍ਰੰਥ ਸਾਹਿਬ ਦੀ ਵਡਿਆਈ

[ਪ੍ਰਿੰਸੀਪਲ ਸੱਜਣ ਸਿੰਘ ਜੀ, 618-ਗੋਬਿੰਦਪੁਰੀ, ਨਵੀਂ ਦਿਲੀ-19]

ਗੁਰੂ ਗ੍ਰੰਥ ਸਾਹਿਬ ਦੀ ਵਡਿਆਈ, ਅੱਤ ਉੱਚ ਮਹਾਨ ਹੈ, ਕੀ ਆਖਾਂ !
ਕਈ ਲੱਖ ਜ਼ਬਾਨਾਂ ਥੱਕ ਗਈਆਂ, ਮੇਰੀ ਇੱਕ ਜ਼ਬਾਨ ਹੈ, ਕੀ ਆਖਾਂ !
ਇਹਦਾ ਰਚਨਹਾਰ ਇਨਸਾਨ ਨਹੀਂ, ਉਹ ਖ਼ੁਦ ਭਗਵਾਨ ਹੈ, ਕੀ ਆਖਾਂ !
ਸੰਸਾਰ ਦੇ ਸਾਰੇ ਧਰਮਾਂ ਚੋਂ, ਇਹਦੀ ਵੱਖਰੀ ਸ਼ਾਨ ਹੈ, ਕੀ ਆਖਾਂ !
ਇਹ 'ਨਉਨਿਧਿ ਨਾਮ ਨਿਧਾਨਾ' ਹੈ, ਬਖਸ਼ਸ਼ ਨਾਲ ਭਰਪੂਰ ਹੈ ਦਿੱਸਦਾ।
ਦੈਵੀ ਗੁਣ ਦੀਆਂ ਰਿਸ਼ਮਾਂ ਵੰਡਦਾ, ਇੱਕ ਅਨੂਪਮ ਨੂਰ ਹੈ ਦਿੱਸਦਾ।

ਇਹ ਸਮਦ੍ਰਿਸ਼ਟੀ ਦਾ ਰੂਪ ਵੀ ਹੈ, ਕਰਮਸ਼ੀਲ ਬ੍ਰਹਮ ਗਿਆਨ ਵੀ ਹੈ।
ਇੱਥੇ ਬੇਣੀ, ਪੀਪਾ, ਧੰਨਾ ਜੀ, ਜੈਦੇਵ, ਫਰੀਦ ਮੁਸਲਮਾਨ ਵੀ ਹੈ।
ਨਾਈ ਸੈਣ, ਕਸਾਈ ਸਧਨਾ, ਭਗਤ ਕਬੀਰ ਮਹਾਨ ਵੀ ਹੈ।
ਨਾਮਦੇਵ, ਤ੍ਰਿਲੋਚਨ ਬੈਠੇ, ਰਵਿਦਾਸ ਭਗਤ ਦਾ ਸਥਾਨ ਵੀ ਹੈ।
ਗੁਰੂ ਨਾਨਕ, ਭਗਤ, ਫਕੀਰਾਂ ਦੇ, ਜਦ ਸਭ ਦੇ ਪਰਸਨ ਹੁੰਦੇ ਨੇ।
ਇਉਂ ਜਾਣਹੁ ਅੱਲਾ, ਵਾਹਿਗੁਰੂ, ਭਗਵਾਨ ਦੇ ਦਰਸ਼ਨ ਹੁੰਦੇ ਨੇ।

ਗੁਰ-ਗਿਆਨ ਭਰੀ, ਪ੍ਰਭੂ-ਧਿਆਨ ਭਰੀ, ਜੀਅ ਦਾਨ ਭਰੀ ਗੁਰਬਾਣੀ ਹੈ।
ਕਲਿਆਣ-ਭਰੀ, ਬਰਦਾਨ-ਭਰੀ, ਇਹਦੀ ਮਹਿਮਾ ਅਲੱਖ ਵਿਡਾਣੀ ਹੈ।
ਮਾਣ ਨਿਮਾਣੀ, ਓਟ ਸਤਾਣੀ, ਜਿਸ ਦੀ ਅਕੱਥ ਕਹਾਣੀ ਹੈ।
ਮਾਨਸਰੋਵਰ ਸੱਚੀ ਬਾਣੀ, ਨਾਮ ਰਤਨ ਦੀ ਖਾਣੀ ਹੈ।
ਪੂਰੇ ਗੁਰ ਦਾ ਅਜਬ ਭੰਡਾਰਾ, ਸਭ ਕੋਈ ਛਕਦਾ ਜਾਂਦਾ ਹੈ।
'ਖਾਧੈ ਖਰਚਿਐ ਤੋਟਿ ਨ ਆਵਈ,* ਨਿੱਤ ਨਿੱਤ ਵੱਧਦਾ ਜਾਂਦਾ ਹੈ।

ਜੋ, ਸਾਗਰ ਛੱਡ ਕੇ ਛੱਪੜਾਂ ਦੇ, ਸੜ੍ਹਿਆਂ ਦੇ ਜਲ ਵਿਚ ਨ੍ਹਾਉਂਦਾ ਹੈ;
ਫਲ ਅੰਮ੍ਰਿਤ ਮਿੱਠਾ ਤਜ ਬਹਿੰਦਾ, ਮਨ ਵਿਸ਼ਿਆਂ ਵਿਚ ਪਰਚਾਉਂਦਾ ਹੈ;
ਜਪ ਛੱਡ ਕੇ ਸੱਚੀ ਬਾਣੀ ਦਾ, ਗੁਣ ਕੱਚਿਆਂ ਦੇ ਪਿਆ ਗਾਉਂਦਾ ਹੈ;
ਪਿੱਠ ਦੇ ਕੇ ਸ਼ਬਦ-ਗੁਰੂ ਨੂੰ ਜੋ, ਦੇਹਧਾਰੀ ਗੁਰ ਵਲ ਧਾਉਂਦਾ ਹੈ;
ਉਹ ਅੰਨ੍ਹਾ ਅੱਖਾਂ ਹੁੰਦਿਆਂ ਵੀ, ਨਰਕਾਂ ਵਿਚ ਠੇਡੇ ਖਾਵੇਗਾ।
ਘਰ ਅੱਗ ਲੱਗੀ ਫਿਰ ਖੂਹ ਪੁੱਟੂ, ਨਹੀਂ ਬੁਝਣੀ ਕਿਵੇਂ ਬੁਝਾਵੇਗਾ ?

ਜਿਉਂ ਜਲ ਬਰਫ਼ ਭਾਪ ਹੈ ਇੱਕੋ, ਬਾਣੀ ਗੁਰ ਨਿਰੰਕਾਰ ਹੈ ਇੱਕੋ।
'ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ'† ਹੈ ਇੱਕੋ।
ਗੁਰੂ ਨਾਨਕ ਦੀ ਹੱਟੀ ਅੰਦਰ, ਸੱਚਾ ਨਾਮ-ਵਾਪਾਰ ਹੈ ਇੱਕੋ।
ਨਿਰਗੁਣ ਰਾਮ ਨਿਵਾਸ ਦਾ ਮੰਦਰ, ਐਸਾ ਰੂਪ ਸਾਕਾਰ ਹੈ ਇੱਕੋ।
ਹੋ ਕੇ ਸਿੱਖ ਕਰੇ ਜੇ ਸ਼ੰਕਾ, ਉਸ ਵਰਗਾ ਬਦਨਸੀਬ ਹੈ ਕਿਹੜਾ ?
ਤੜਪ ਤੜਪ ਕੇ ਪਿਆਸਾ ਮਰ ਜਾਇ ਵਸਦਾ ਗੰਗਾ ਕਰੀਬ ਹੈ ਜਿਹੜਾ ?

ਕੱਚੇ ਭਾਂਡੇ ਦਾ ਮੁੱਲ ਓਥੇ, ਸ਼ਬਦ ਗੁਰੂ ਪਰਵਾਨ ਹੈ ਏਥੇ।
ਤਸਵੀਰਾਂ ਦੀ ਪੂਜਾ ਓਥੇ, ਗੁਰ-ਮੰਤਰ ਦਾ ਧਿਆਨ ਹੈ ਏਥੇ।

---

* ਮ: ੩, ॥੨॥੧੮, ਪੰਨਾ ੫੫੫ † ਮ ੩, ॥੨॥੧੦, ਪੰਨਾ ੬੪੬

www.AKJ.Org

ਨਿੰਦਾ ਚੁਗਲੀ ਮਨਮਤ ਓਥੇ, ਨਾਮ ਦਾਨ ਇਸ਼ਨਾਨ ਹੈ ਏਥੇ।
ਓਥੇ ਜੁਗਨੂੰ ਲੋਅ ਪਿਆ ਦੇਵੈ, ਭਾਨਾਨਾਂ ਦਾ ਭਾਨ ਹੈ ਏਥੇ।
ਸੁੰਦਰ ਫੁੱਲ ਬਣਾਉਟੀ ਬੇਸ਼ਕ, ਨਾਮ-ਸੁਗੰਧ ਲਿਆਏ ਕਿਥੋਂ ?
ਰੀਸਾਂ ਨਾਲ ਮੁਲੰਮਾ ਬਣ ਗਏ, ਗੁਣ ਕੰਚਨ ਦੇ ਆਏ ਕਿਥੋਂ ?
ਪੰਜ ਦੁਸ਼ਟਾਂ ਨੂੰ ਖੰਡ ਖੰਡ ਕਰਦੀ, ਗੁਰਬਾਣੀ ਐਸਾ ਜੰਤਰ ਹੈ।
ਵਿੱਸ-ਮੈਲ ਉਤਾਰੇ ਹਿਰਦੇ ਦੀ, ਗੁਰ-ਸ਼ਬਦ ਗਾਰੁੜੀ ਮੰਤਰ ਹੈ।
ਦਾਨਵ ਬਿਰਤੀ ਬਦਲ ਜਾਇ, ਗੁਰ ਸੰਗਤ ਕਾਰੀ ਤੰਤਰ ਹੈ।
ਆਧਿ ਬਿਆਧਿ ਉਪਾਧਿ ਹਰੈ, ਗੁਰ ਸਤਿਗੁਰ ਵੈਦ ਧਨੰਤਰ ਹੈ।
ਗੁਰਬਾਣੀ ਇੱਕ ਚਾਨਣ ਹੈ, ਜੋ ਰੋਸ਼ਨ ਕਰੈ ਜ਼ਮੀਰਾਂ ਨੂੰ।
ਇਹ ਮਰ੍ਹਮ ਅੱਲੇ ਜ਼ਖ਼ਮਾਂ ਦੀ, ਜੋ ਢਾਰਸ ਦਏ ਦਿਲਗੀਰਾਂ ਨੂੰ।
ਠੰਢੀ ਸੰਘਣੀ ਛਾਂ ਬਖ਼ਸ਼ੇ, ਇਹ ਕਲਪ ਬ੍ਰਿਛ ਸੈ-ਡਾਲੀ ਹੈ।
ਮਸਤੁਲ-ਮਸਤ ਗੜੂੰਦ ਹੋਇ, ਜਿਸ ਤੱਕੀ ਜੋਤਿ ਅਕਾਲੀ ਹੈ।
ਭਗਤੀ ਸ਼ਕਤੀ ਸੁੰਦਰਤਾ ਦਾ, ਅਦਭੁਤ ਰੂਪ ਜਲਾਲੀ ਹੈ।
ਨਾਮ ਦੀ ਰੰਗਣ ਚਾੜ੍ਹਨ ਵਾਲੀ, ਬਾਣੀ ਰੰਗ ਗੁਲਾਲੀ ਹੈ।
ਰਸ ਖੇੜਾ ਰੰਗ ਅਨੰਦ ਭਰੀ, ਜਿੱਥੇ ਨਾਮ-ਨਸ਼ੇ ਦੀ ਮਸਤੀ ਹੈ।
ਇਹ ਬਿਲਕੁਲ ਬੁੱਤ ਪ੍ਰਸਤੀ ਨਹੀਂ, ਇਹਦੀ ਪੂਜਾ ਸ਼ਬਦ-ਪ੍ਰਸਤੀ ਹੈ।
ਗੁਰਬਾਣੀ ਅਮਰ ਖ਼ਜ਼ਾਨਾ ਹੈ, ਤੱਤ-ਗਿਆਨ ਭਰੇ ਵੀਚਾਰਾਂ ਦਾ।
ਬਿਰਹੋਂ, ਵੇਦਨ, ਪੀੜ, ਉਡੀਕਾਂ, ਹਰਸ਼ ਉਮੰਗ ਖ਼ੁਮਾਰਾਂ ਦਾ।
ਵਿੱਚ ਹਿਰਦੇ ਖਿੜਦੇ ਕਮਲਾਂ ਦਾ, ਬਾਗੀਚਾ ਸਦਾ ਬਹਾਰਾਂ ਦਾ।
ਅਨਹਦ ਸ਼ਬਦ ਤਰੰਗਾਂ ਦਾ, ਹਰਿ ਦਰਸ ਮਿਲਾਪੜੀ ਤਾਰਾਂ ਦਾ।
ਭਟਕ ਭਟਕ ਕੇ ਭੱਟਾਂ ਨੇ, ਅਬੁੱਝੀ ਪਿਆਸ ਬੁਝਾਈ ਹੈ।
ਸੱਪ ਵਾਂਗ ਕੁੰਡਲਨੀ ਉਰਝੀ ਸੀ, ਸਤ-ਸੰਗਤ ਵਿਚ ਸੁਰਝਾਈ ਹੈ।

---

## ਗੁਰਾਂ ਦਾ ਰੂਪ, ਧੁਰਾਂ ਦੀ ਬਾਣੀ

[ਸ: ਸੰਤਾ ਸਿੰਘ ਜੀ ਆਜ਼ਿਜ਼, ਲੁਧਿਆਣਾ]

ਮਨ ਮੇਰੇ ਤੂੰ ਸੱਚ ਕਰ ਜਾਣੀ, ਗੁਰਾਂ ਦਾ ਰੂਪ, ਧੁਰਾਂ ਦੀ ਬਾਣੀ।
ਇਸ ਤੋਂ ਮਿਲਦਾ ਮਹਿਰਮ ਦਿਲ ਦਾ, ਅਮਰ ਹੋਣ ਲਈ ਅੰਮ੍ਰਿਤ ਮਿਲਦਾ।
ਹਉਮੈ, ਤ੍ਰਿਸ਼ਨਾ ਮਾਰ ਮੁਕਾਉਂਦੀ, ਕਾਮ ਕ੍ਰੋਧ ਦੀ ਅਗਨ ਬੁਝਾਉਂਦੀ।
ਕੱਟਦੀ ਮੋਹ ਮਾਇਆ ਦੀ ਫਾਸੀ, ਕੱਟ ਦਿੰਦੀ ਲੱਖ ਜੂਨ ਚੌਰਾਸੀ।
ਬਾਣੀ ਜਗ ਵਿਚ ਸਰਬ ਵਿਆਪੀ, ਪੜ੍ਹ ਇਸ ਨੂੰ ਤਰ ਗਏ ਲੱਖ ਪਾਪੀ।
ਪੜ੍ਹੇ ਸੁਣੇ ਜੋ ਅਮਲ ਕਮਾਵੇ, ਜੀਵਨ ਦੇ ਮਕਸਦ ਨੂੰ ਪਾਵੇ।
ਜਿਸ ਨੇ ਹਿਰਦੇ ਬਾਣੀ ਪਰਸੀ, ਦੂਈ ਤਜ ਹੋ ਗਏ ਸਮਦਰਸੀ।
ਜਿਸ ਜਨ ਕੀਤਾ ਇਸ ਦਾ ਤਿਆਗ, ਉਸ ਮਨਮੁਖ ਦੇ ਖੋਟੇ ਭਾਗ।
ਤੇਰੀ ਮਨਜ਼ਿਲ ਅਜੇ ਅਧੂਰੀ, ਪੜ੍ਹ ਸੁਣ ਜਪ ਹੋ ਜਾਵੇ ਪੂਰੀ।
ਜੀਵਨ ਤੇਰਾ ਘਟਦਾ ਜਾਵੇ, ਤਨ ਦਾ ਚੋਲਾ ਫਟਦਾ ਜਾਵੇ।
ਕਾਲ ਆ ਰਿਹੈ ਕਰ ਕਰ ਧਾਈਆਂ, ਪੈਸਨ ਗਲ ਕਰਮਾਂ ਦੀਆਂ ਫਾਹੀਆਂ।
ਸਮਝ ਮਨਾ ਛੱਡ ਆਲੈ ਟਾਲੇ, ਕਰ ਸਿਮਰਨ, ਕਰ ਰਾਹ ਸੁਖਾਲੇ।
ਜੇ ਬਾਣੀ ਦਾ ਜਾਪ ਕਰੇਂਗਾ, ਜਨਮਾਂ ਦੇ ਸਭ ਪਾਪ ਹਰੇਂਗਾ।
ਮਨ ਮੇਰੇ ਕਰ ਜੀਵਨ ਸਫਲਾ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਜਪ ਲਾ।


www.AKJ.Org

# ਬਾਣੀ ਰਚੀ ਸੁਖਮਨੀ

[ਸ: ਅਤਰ ਸਿੰਘ ਜੀ 'ਨੀਰ' ਦਿਲੀ-347]

ਸੰਕਲਤ ਕਰਤਾ ਪ੍ਰੇਮ ਮੂਰਤਿ, ਸ਼ਾਂਤੀ ਅਵਤਾਰ । ਅਰਜਨ ਗੁਰੂ ਗੁਰਦੇਵ ਨੇ ਕੀਤਾ ਪਰਉਪਕਾਰ ।
ਬਾਣੀ ਰਚੀ ਸੁਖਮਨੀ, ਸਰਬ ਸੁਖਾਂ ਦੀ ਖਾਣ । ਪ੍ਰਭੂ ਨਾਮ ਦੇ ਗੁਣਾਂ ਦਾ ਜਿਸ ਵਿਚ ਪੂਰਾ ਗਿਆਨ ।
ਸਬਕ ਇਹ ਬੰਦਗੀ ਭਜਨ ਦਾ, ਹੋਰ ਨ ਵਾਧੂ ਗੱਲ । ਦਾਰੂ ਰੋਗ ਅਸਾਧ ਦਾ, ਕਟੇ ਸਭ ਕਲਮਲ ।
ਪੜ੍ਹਨ ਸੁਣਨ ਦੀ ਪ੍ਰੇਰਨਾ, ਸਿਮਰਨ ਲਈ ਉਤਸ਼ਾਹ । ਵਾਹਿਗੁਰੂ ਦੇ ਮਿਲਾਪ ਲਈ, ਸਿੱਧਾ ਗਾਡੀ-ਰਾਹ ।
ਵਿਸ਼ੇ ਵਿਕਾਰਾਂ ਤੋਂ ਪਰੇ, ਰਖਦੀ ਦੂਰ ਹਮੇਸ਼ । ਨਫ਼ਰਤ ਦੂਈ ਤਿਆਗਣੇ, ਇਸਦਾ ਹੈ ਉਪਦੇਸ਼ ।
ਝੂਠ ਦਗ਼ਾ ਤੇ ਮੈਲ ਖੋਟ, ਮਾੜੇ ਬੋਲ ਕੁਬੋਲ । ਕਰਦੀ ਸਭ ਕਾਫ਼ੂਰ, ਫਿਰ ਨਿਰਮਲ ਮਨ ਦੀ ਝੋਲ ।
ਸਿਮਰਨ ਇਕ ਅਕਾਲ ਦਾ, ਰਖਣੀ ਇਕ ਤੇ ਟੇਕ । ਸਾਧ ਸੰਗਤ ਵਿਚ ਆਵਣਾ, ਰਖਦੀ ਬੁਧ ਬਿਬੇਕ ।
ਸੁਰਤੀ ਇਕ-ਰੱਸ ਸਦਾ ਹੀ, ਪਰਮੇਸ਼ਵਰ ਵਿਚ ਲੀਨ । ਹਿਰਦਾ ਆਤਮਾ ਖ਼ੁਸ਼ ਖ਼ੁਸ਼, ਖਿੜਿਆ ਖਿੜਿਆ ਜੀਣ ।
ਸ਼ਰਧਾ ਪ੍ਰੇਮ ਪਿਆਰ ਤੇ ਪੂਰਨ ਸਿਦਕ ਵਿਸ਼ਵਾਸ । ਉੱਚੀ ਮਨਜ਼ਲ ਜਾਣ ਦਾ, ਇਹ ਜ਼ਰੀਆ ਹੈ ਖ਼ਾਸ ।
ਕਟੇ ਮਨ ਦੇ ਕੋਹੜ ਸਭ, ਕੀਰੇ ਕਰੇ ਸੁਲਤਾਨ । ਅੰਮ੍ਰਿਤ ਸਰੋਵਰ ਸੁਮਖਨੀ ਦਾ ਪਰਸਨ ਇਸ਼ਨਾਨ ।
ਸੋਮਾ ਸ਼ਾਂਤੀ ਪਿਆਰ ਦਾ, ਅੰਦਰ ਦਾ ਸੁਖ ਚੈਨ । ਟਿਕੀ ਟਿਕੀ ਰੂਹ ਰਹੇ, ਖੀਵੇ ਖੀਵੇ ਨੈਣ ।
ਬਰਕਤ ਇਸਦੀ ਨਾਲ ਖੁਲ੍ਹਣ, ਗੁੰਝਲਾਂ ਆਪੇ ਆਪ । ਘਾਲ ਕਮਾਈ ਕਰਦਿਆਂ, ਮਿਟਣ ਸੋਗ ਸੰਤਾਪ ।
ਡਿਗੇ ਦੇ ਲਈ ਆਸਰਾ, ਥਿੜਕੇ ਲਈ ਧਰਵਾਸ । "ਪੂਰਨ ਤ੍ਰਿਪਤੀ" ਮਨ ਭਰੇ, ਮੇਟੇ ਭੁਖ ਪਿਆਸ ।
ਤ੍ਰਿਸ਼ਨਾ, ਹੰਗਤਾ, ਦੁਖ ਕਲੇਸ਼, ਹਰ ਸ਼ੈ ਕਰਦੀ ਦੂਰ । ਸਿਮ ਸਿਮ ਪੈਂਦਾ ਇਸ ਚੋਂ, ਅੰਮ੍ਰਿਤ ਨਾਮ ਭਰਪੂਰ ।
ਗੁਹਜ ਖ਼ਜ਼ਾਨਾ ਮਿਲੇ ਵਿਚ, ਰਤਨਾਂ ਦਾ ਭੰਡਾਰ । ਸਹਿਨ ਸੀਲਤਾ ਦਯਾ ਧਰਮ, ਸਤੁ ਸੰਤੋਖ ਉਪਕਾਰ ।
ਤਿਆਗ, ਨਿਮ੍ਰਤਾ, ਸਾਦਗੀ, ਮਿੱਠੀ ਜੀਵਨ ਚਾਲ । ਇੱਜ਼ਤ ਮਾਣ ਮਰਾਤਬੇ, ਤੋੜੇ ਚਕਰ ਕਾਲ ।
ਸ਼ੋਭਾ ਜੱਸ ਤੇ ਕੀਰਤੀ, ਫੈਲੇ ਵਿਚ ਜਹਾਨ । ਪੁੰਨਿਆ ਦੇ ਚੰਨ ਦੀ ਜਿਵੇਂ, ਰੌਸ਼ਨੀ ਵਿਚ ਅਸਮਾਨ ।
ਅੰਮ੍ਰਿਤ ਬਾਣੀ ਸੁਖਮਨੀ, ਜਿਥੇ ਕਰਦੀ ਵਾਸ । ਜੋੜੇ ਨਾਲ ਪਰਮਾਤਮਾ, ਫੁਲਾਂ ਸੰਗ ਜਿਉਂ ਬਾਸ ।
ਘੋਗੇ ਹੀਰੇ ਹੋਂਵਦੇ, ਪੱਥਰ ਬਣਦੇ ਲਾਲ । ਰਿਧੀਆਂ ਸਿਧੀਆਂ ਆਉਂਦੀਆਂ, ਜਿਨ੍ਹਾਂ ਹਿਰਦੇ ਰਖੀ ਸੰਭਾਲ ।
ਥਾਂ ਥਾਂ ਉਤੇ ਉਕਰਿਆ, ਵਾਹਿਗੁਰੂ ਜੀ ਦਾ ਨਾਮ । ਮੁੜ ਮੁੜ ਇਸਨੂੰ ਸਿਮਰਨਾ, ਮਿਲਦਾ ਸੱਚਾ ਧਾਮ ।
ਅਖਰ ਅਖਰ ਵਿਚ ਮਿਲੇ 'ਨਾਮੀ' ਨਾਮ, ਲਿਸ਼ਕਾਰ । ਪ੍ਰਭੂ ਜੋਤਿ ਦਾ ਪਸਰਿਆ, ਕਣ ਕਣ ਵਿਚ ਚਮਕਾਰ ।
ਪਾਰਸ ਦੀ ਛੋਹ ਜਿਉਂ ਕਰੇ, ਲੋਹਾ ਸੋਨ ਸਮਾਨ । ਨੀਚ ਜਾਤ ਉਤਮ ਕਰੇ, ਭਗਤ, ਸੰਤ, ਸੁਲਤਾਨ ।
ਧਰਮ-ਰਾਜ ਹੱਥ ਜੋੜ ਕੇ, ਨਾਲ ਅਦਬ ਸਤਿਕਾਰ । ਨਾਮ ਪ੍ਰੋਤੇ ਜੀਵ ਨੂੰ, ਨਿਉਂ ਨਿਉਂ ਕਰੇ ਨਮਸਕਾਰ ।
ਸੁਖਮਨੀ ਸੰਦੇਸ਼ 'ਨੀਰ' ਸੰਤੁਲਤ ਜੀਵਨ ਇਖ਼ਲਾਕ । ਸਿਮਰਨ ਇਕ ਅਕਾਲ ਦਾ, ਹੋਰ ਨਾ ਕਿਧਰੇ ਝਾਕ ।

# ਕੇਸ ਗੁਰੂ ਦੀ ਮੋਹਰ

[ਸ: ਅਮਰਜੀਤ ਸਿੰਘ 'ਰਾਹੀ' ਅੰਮ੍ਰਿਤਸਰ]

ਕੇਸ ਗੁਰੂ ਦੀ ਮੋਹਰ ਹੈ ਖਾਲਸਾ ਜੀ, ਕੇਸ ਚਿੰਨ੍ਹ ਹੈ ਸਿੱਖੀ ਨਿਸ਼ਾਨੀਆਂ ਦਾ ।
ਕੇਸ ਰੱਬ ਦੀ ਦੇਣ ਅਮੋਲ ਹੈ ਜੀ, ਕੇਸ ਸਾਂਭਣੇ ਕੰਮ ਸਾਵਧਾਨੀਆਂ ਦਾ ।
ਰੱਬੀ ਰੂਪ ਅਤੇ ਹੁਸਨ ਸਾਦਗੀ ਦਾ, ਇਹ ਮਜ਼ੱਮਾ ਹੈ ਕੁਰਬਾਨੀਆਂ ਦਾ ।
ਕੇਸ ਕੱਟਣੇ ਸਿੱਖੀ ਤੋਂ ਪਤਿਤ ਹੋਣਾ, ਇਹ ਕੰਮ ਹੈ ਜਾਹਲਾਂ ਬੇਇਮਾਨਿਆਂ ਦਾ ।
ਸ਼ਾਨ ਸਿੱਖੀ ਦੀ ਕੇਸ ਹਨ, ਖਾਲਸਾ ਜੀ, ਏਹ ਚਿੰਨ੍ਹ ਹੈ ਜੋਧੇ ਮਰਦਾਨਿਆਂ ਦਾ ।
ਰਿਸ਼ੀਆਂ ਮੁਨੀਆਂ ਅਵਤਾਰਾਂ ਦੀ ਸ਼ਾਨ ਸੀ ਜੋ, ਕਲਗੀਆਂ ਵਾਲੇ ਨੇ ਬਖਸ਼ੀ ਹੈ ਦਾਤ ਤੈਨੂੰ ।
ਤੇਰੀ ਸਿੱਖੀ ਸਰਦਾਰੀ ਦਾ ਰਾਜ਼ ਇਹੋ, ਬਾਜਾਂ ਵਾਲੜੇ ਦਿੱਤੀ ਸੁਗਾਤ ਤੈਨੂੰ ।
ਹੁਣ ਸੰਭਲ ਜਾ, ਸੰਭਲਣ ਹਈ ਵੇਲਾ, ਨਹੀਂ ਤੇ ਪਏਗੀ ਗੁਰੂ-ਫਿਟਕਾਰ ਤੈਨੂੰ ।
ਸਿਰ ਉੱਚਾ ਉਠਾ ਕੇ ਤੁਰ ਸਿੰਘਾ, "ਰਾਹੀ" ਆਖਦਾ ਏ ਵਾਰ ਵਾਰ ਤੈਨੂੰ ।



www.AKJ.Org

# ਭੂਰਿਆਂ ਵਾਲੇ ਰਾਜੇ ਕੀਤੇ (੧੦)
# ਮੁਗ਼ਲਾਂ ਜ਼ਹਿਰ ਪਿਆਲੇ ਪੀਤੇ

[ਕੈਪਟਿਨ ਸਵਰਨ ਸਿੰਘ ਜੀ]

[ਲੜੀ ਜੋੜਨ ਲਈ ਵੇਖੋ ਸੂਰਾ ਜੁਲਾਈ ੧੯੯੦]

**ਬੰਦਾ ਸਿੰਘ ਦਾ ਘੇਰੇ ਚੋਂ ਨਿਕਲ ਭਜਣ ਬਾਰੇ–**

ਗੈਰ-ਮੁਸਲਮਾਨ ਲਿਖਾਰੀ ਇਸ ਬਾਰੇ ਕੁਝ ਦਲੀਲਾਂ ਕਾਇਮ ਕਰਦੇ ਹਨ, ਜੋ ਮੌਕੇ ਦੇ ਗੁਆਹਾਂ ਵਲੋਂ ਨਾ ਹੋਣ ਕਰਕੇ ਮਨ ਵਿਚ ਖੁਭਦੀਆਂ ਨਹੀਂ । ਮੁਸਲਮਾਨ ਇਤਿਹਾਸਕਾਰ, ਜਿਨ੍ਹਾਂ ਵਿਚੋਂ ਕੁਝ ਸਮਕਾਲੀ ਹਨ ਤੇ ਘੇਰੇ ਸਮੇਂ ਫ਼ੌਜ ਵਿਚ ਸ਼ਾਮਲ ਸਨ, ਵੀ ਬੰਦਾ ਸਿੰਘ ਦੇ ਬੱਚ ਕੇ ਨਿਕਲ ਜਾਣ ਬਾਰੇ ਵਖ ਵਖ ਕਹਾਣੀ ਦਸਦੇ ਹਨ । ਖ਼ਾਫ਼ੀ ਖ਼ਾਂ ਮੁਨਤਖਬ-ਉਲ-ਲੁਬਾਬ ਵਿਚ ਲਿਖਦਾ ਹੈ ਕਿ ਇਕ ਦਿਨ ਬੰਦੇ ਨੇ ਦਿਨ-ਦੀਵੀ ਹੀ ਕਿਲ੍ਹਾ ਘੇਰੀ ਖਲੋਤੀ ਫ਼ੌਜ ਦੀ ਇਕ ਕਮਜ਼ੋਰ ਬਾਹੀ ਤੇ ਬੜੀ ਫੁਰਤੀ ਨਾਲ ਜ਼ੋਰ ਦਾ ਹੱਲਾ ਕੀਤਾ, ਫ਼ੌਜ ਵਿਚ ਅਫਰਾ ਤਫਰੀ ਪੈ ਗਈ ਤੇ ਉਹ ਚੀਰ ਕੇ ਵਿਚ ਦੀ ਨਿਕਲ ਗਿਆ ਤੇ ਪਹਾੜਾਂ ਵਲ ਨਠ ਗਿਆ ਤੇ ਫ਼ੌਜ ਫੜ ਨਾ ਸਕੀ ।

ਮੁਹੰਮਦ ਕਾਸਿਮ ਲਿਖਦਾ ਹੈ ਕਿ ਸ਼ਾਹੀ ਫ਼ੌਜ ਦੇ ਕੁਝ ਆਦਮੀ ਬੰਦੇ ਨਾਲ ਰਲ ਗਏ ਤੇ ਉਹ ਦਿਲੋਂ ਚਾਹੁੰਦੇ ਸਨ ਕਿ ਬੰਦਾ ਬਚ ਕੇ ਨਿਕਲ ਜਾਵੇ । ਉਨ੍ਹਾਂ ਨੇ ਹੋਰਨਾਂ ਨੂੰ ਪਤਾ ਲਗਣ ਤੋਂ ਬਿਨਾਂ ਹੀ ਉਸ ਨੂੰ ਇਕ ਲੁਕਵੇਂ ਰਾਹ ਥਾਣੀਂ ਫ਼ੌਜ ਦੇ ਘੇਰੇ 'ਚੋਂ ਬਾਹਰ ਕਰ ਦਿੱਤਾ । ਅਰਾਦਤ ਖ਼ਾਂ ਲਿਖਦਾ ਹੈ ਕਿ ਬੰਦਾ ਇਕੱਲਾ ਹੀ ਰਾਤ ਸਮੇਂ ਮੁਗ਼ਲ ਸੈਨਕ ਦਾ ਭੇਸ ਵਟਾ ਕੇ ਨਿਕਲ ਗਿਆ ।

ਸਾਰੇ ਹਾਲਾਤ ਨੂੰ ਮੁਖ ਰਖਦਿਆਂ ਗ਼ੌਰ ਕੀਤਿਆਂ ਸਾਫ਼ ਪਤਾ ਲਗਦਾ ਹੈ ਕਿ ਖ਼ਾਫ਼ੀ ਖ਼ਾਂ ਅਸਲੀਅਤ ਤੋਂ ਦੂਰ ਦੀ ਗੱਲ ਕਰਦਾ ਹੈ ਤੇ ਬੰਦੇ ਦੇ ਭਜ ਨਿਕਲਣ ਦੀ ਸਹੀ ਸਾਖੀ ਉਹੋ ਜਾਪਦੀ ਹੈ ਜੋ ਮੁਹੰਮਦ ਕਾਸਿਮ ਨੇ ਦਸੀ ਹੈ । ਬੰਦਾ ਸਿੰਘ ਦੇ ਸਿੰਘਾਂ ਨੇ ਫ਼ੌਜ ਦੀ, ਆਪਣੇ ਛਪੋਲਾਂ ਨਾਲ, ਜਾਨ ਲਬਾਂ ਤੇ ਲਿਆਂਦੀ ਹੋਈ ਸੀ । ਰੋਜ਼ ਬੰਦਿਆਂ ਦਾ ਨੁਕਸਾਨ ਹੋ ਰਿਹਾ ਸੀ ਤੇ ਫ਼ੌਜ ਵਿਚ ਬੇਦਿਲੀ ਛਾਈ ਜਾ ਰਹੀ ਸੀ । ਸਾਰੇ ਅਮੀਰ ਵਜ਼ੀਰ ਇਹ ਚਾਹੁੰਦੇ ਸਨ ਕਿ ਇਸ ਦੋਜ਼ਖ਼ ਦੇ ਅਜ਼ਾਬ ਵਰਗੀ ਜ਼ਿੰਦਗੀ ਤੋਂ ਉਹ ਛੁਟਕਾਰਾ ਪਾਉਣ । ਇਸ ਦਾ ਇਕ ਹੀ ਸਿਧਾ ਰਾਹ ਸੀ ਕਿ ਬੰਦਾ ਕਿਲ੍ਹਾ ਛਡ ਕੇ ਕਿਧਰੇ ਚਲਾ ਜਾਵੇ ਤੇ ਇਸ ਮੁਹਿੰਮ ਦਾ ਅੰਤ ਹੋ ਜਾਵੇ । ਉਨ੍ਹਾਂ ਦੇ ਹੱਥ ਵਿਚ ਇਕ ਸੁਨਹਿਰੀ ਮੌਕਾ ਹੋਰ ਵੀ ਸੀ, ਜਿਸ ਨੂੰ ਉਹ ਅਜਾਈਂ ਨਹੀਂ ਸਨ ਜਾਣ ਦੇਣਾ ਚਾਹੁੰਦੇ । ਉਨ੍ਹਾਂ ਵੇਖਿਆ ਕਿ ਖ਼ਾਨ-ਖ਼ਾਨਾ ਨੇ ਹੁਕਮ-ਅਦੂਲੀ ਕੀਤੀ ਹੈ । ਬਾਦਸ਼ਾਹ ਦੀ ਆਗਿਆ ਦੀ ਉਲੰਘਣਾ ਕਰ ਕੇ ਆਪਣੀ ਭੱਲ ਬਨਾਉਣ ਲਈ, ਕਿਲ੍ਹੇ ਉਤੇ ਹਲਾ ਕਰ ਦਿਤਾ ਹੈ । ਜੇਕਰ ਕਿਲ੍ਹਾ ਫਤਿਹ ਹੋ ਗਿਆ ਤਾਂ ਇਸ ਦੀ ਬੜੀ ਚੜ ਮੱਚੂਗੀ ਤੇ ਕਈ ਪ੍ਰਕਾਰ ਦੀਆਂ ਗੱਲਾਂ ਬਣਾ ਕੇ ਇਹ ਵਜ਼ੀਰ, ਬਾਦਸ਼ਾਹ ਨੂੰ ਹੱਥਾਂ ਤੇ ਪਾ ਲਵੇਗਾ, ਬਾਦਸ਼ਾਹ ਇਸ ਮਗਰ ਲਗੂ ਤੇ ਸਾਡਾ ਕੋਈ ਰਸੂਖ਼ ਨਹੀਂ ਰਹਿਣਾ । ਪਰ ਜੇ ਕਿਤੇ ਬੰਦਾ ਬਚ ਕੇ ਕਿਲ੍ਹੇ ਚੋਂ ਕਿਧਰੇ ਨਿਕਲ ਜਾਵੇ ਅਤੇ ਇਸ ਤਰ੍ਹਾਂ ਇਹ ਮੁਹਿੰਮ ਨਾਕਾਮ ਰਹਿ ਜਾਵੇ, ਤਦ ਤਾਂ ਖ਼ਾਨ-ਖ਼ਾਨਾ ਵਲੋਂ ਕੀਤੀ ਪਹਿਲੀ ਹੁਕਮ-ਅਦੂਲੀ ਦੇ ਕਾਰਨ ਬਾਦਸ਼ਾਹ ਦੇ ਗੁੱਸੇ ਦੀ ਅੱਗ ਦੂਣੀ ਭੜਕੂ, ਵਜ਼ੀਰ ਦਾ ਵਕਾਰ ਮਿੱਟੀ 'ਚ ਮਿਲੂ, ਦਰਬਾਰ ਵਿਚ ਇਸ ਦੇ ਪੈਰ ਨਹੀਂ ਲੱਗ ਸਕਣਗੇ, ਅਤੇ ਸਾਨੂੰ ਬਦਲਾ ਲੈਣ ਦਾ ਚੰਗਾ ਮੌਕਾ ਮਿਲੂ । ਬੰਦਾ ਸਿੰਘ ਨੇ ਇਥੋਂ ਨਿਕਲ ਕੇ ਕਿਹੜਾ ਤੀਰਥ-ਯਾਤ੍ਰਾ ਲਈ ਚਲੇ ਜਾਣਾ, ਫਿਰ ਸ਼ਾਹੀ ਨੂੰ ਵੰਗਾਰੂ, ਬਾਦਸ਼ਾਹ ਮਗਰ ਪਊ, ਕੰਮ ਮਘਿਆ ਰਹੂ ਤੇ ਸਾਡਾ ਮੁਲ ਪਊ । ਬੰਦਾ ਤਾਂ ਬਾਦਸ਼ਾਹ ਸਲਾਮਤ ਦੇ ਕਾਬੂ ਆਉਣਾ ਹੀ ਨਹੀਂ । ਵਜ਼ੀਰ ਗੁਠੇ ਲੱਗ ਜਾਊ । ਫਿਰ ਜਿਵੇਂ ਅਸੀਂ ਚਾਹਾਂਗੇ ਤਿਵੇਂ ਹੋਊ ।

ਇਹ ਸੀ ਹਾਲਤ ਉਸ ਵੇਲੇ ਮੁਗਲ ਅਮੀਰਾਂ ਵਜ਼ੀਰਾਂ ਦੀ, ਪਿਆਲੇ ਭਰ ਭਰ ਪੀਣ ਲਈ ਜ਼ਹਿਰ ਇਕੱਠਾ ਕਰ ਰਹੇ ਸਨ ।



www.AKJ.Org

**ਖ਼ਾਨ-ਖ਼ਾਨਾ ਨਾਲ ਇਹ ਵੈਰ ਕਿਉਂ ?–**

ਹਉਮੈ ਦਾ ਮਾਰਿਆ ਇਨਸਾਨ ਕੀ ਕੁਝ ਨਹੀਂ ਕਰ ਗੁਜ਼ਰਦਾ। ਈਰਖਾ ਦਾ ਸਾੜਾ ਵਡਿਆਂ ਵਡਿਆਂ ਦੀ ਸੋਚ-ਸ਼ਕਤੀ ਨੂੰ ਸਾੜ ਕੇ ਭਸਮ ਕਰ ਦੇਂਦੈ। ਖ਼ਾਨ-ਖ਼ਾਨਾ ਮੁਗਲ ਰਾਜ ਦਾ ਬੜਾ ਮਜ਼ਬੂਤ ਥੰਮ੍ਹ ਸੀ। ਵਫ਼ਾਦਾਰੀ ਇਸ ਵਿਚ ਕੁੱਟ ਕੁੱਟ ਕੇ ਭਰੀ ਹੋਈ ਸੀ। ਇਹ ਬਹਾਦਰ ਸ਼ਾਹ ਦਾ ਪੁਰਾਣਾ ਨੌਕਰ ਸੀ। ਬਾਦਸ਼ਾਹ ਨੇ ਔਰੰਗਜ਼ੇਬ ਦੇ ਸਮੇਂ ਦੇ ਅਮੀਰਾਂ ਦੇ ਹੱਕ ਪਿੱਛੇ ਪਾ ਕੇ ਇਸ ਨੂੰ ਏਕਾ ਏਕ ਹੀ ਵਜ਼ੀਰ ਬਣਾ ਦਿਤਾ ਸੀ। ਇਸ ਲਈ ਬਹੁਤ ਸਾਰੇ ਅਮੀਰ ਖ਼ਾਨ-ਖ਼ਾਨਾ ਦੇ ਲਹੂ ਦੇ ਤਿਹਾਏ ਹੋ ਰਹੇ ਸਨ। ਆਪਣਾ ਵੱਤਰ ਵਾਹੁਣ ਲਈ ਉਹ ਜਿਸ ਸਮੇਂ ਦੀ ਉਡੀਕ ਵਿਚ ਸਨ, ਹਾਲਾਤ ਨੇ ਪੈਦਾ ਕਰ ਦਿਤਾ। ਇਸ ਹੱਥ ਆਏ ਮੌਕੇ ਤੋਂ ਉਨ੍ਹਾਂ ਪੂਰਾ ਪੂਰਾ ਫ਼ਾਇਦਾ ਉਠਾਇਆ। ਬੰਦਾ ਭਾਵੇਂ ਬਚ ਜਾਵੇ, ਪਰ ਖ਼ਾਨ-ਖ਼ਾਨਾ ਸੁੱਕਾ ਨਾ ਜਾਵੇ। ਇਸ ਲਈ ਉਨ੍ਹਾਂ ਗਿਣੀ-ਮਿਥੀ ਵਿਉਂਤ ਤਹਿਤ ਬੰਦੇ ਨੂੰ, ਸਣੇ ਉਸ ਦੀ ਚੋਣਵੀਂ ਸੈਨਾ ਦੇ, ਆਪਣੀਆਂ ਕਤਾਰਾਂ ਵਿਚ ਦੀ ਬਾਹਰ ਕਰ ਦਿਤਾ।

ਅਰਾਦਤ ਖਾਂ ਦੀ ਦਸੀ ਸਾਖੀ ਵੀ ਘੋਖ ਦੀ ਘਸਵਟੀ ਤੇ ਠਹਿਰਦੀ ਨਜ਼ਰ ਨਹੀਂ ਆਉਂਦੀ।

ਇਨ੍ਹਾਂ ਤੋਂ ਹਟ ਕੇ ਇਸ ਤੱਥ ਨੂੰ ਰੱਦ ਨਹੀਂ ਕੀਤਾ ਜਾ ਸਕਦਾ ਕਿ ਬੰਦਾ ਸਿੰਘ ਇਕ ਵਧੀਆ ਜੰਗੀ ਮਾਹਿਰ ਹੀ। ਉਹ ਹਦ ਦਰਜੇ ਦਾ ਤੀਖਣ ਬੁਧੀ ਵਾਲਾ, ਉਦਮੀ, ਸਾਹਸੀ, ਗੁਰੀਲਾ, ਜੰਗੀ ਚਾਲਾਂ ਤੋਂ ਪੂਰਾ ਜਾਣੂ ਤੇ ਹਰ ਸਾਲਤ ਵਿਚ ਮਾਨਸਿਕ ਸੰਤੁਲਨ ਕਾਇਮ ਰਖਣ ਵਾਲਾ ਸੂਰਮਾ ਸੀ। ਉਹ ਕਿਸੇ ਵੀ ਸਹਾਇਤਾ ਤੋਂ ਬਿਨਾਂ ਹੀ, ਦੁਸ਼ਮਣ ਨੂੰ ਹਰ ਉਹ ਦਾਅ ਲਾ ਕੇ ਚਿਤ ਕਰ ਦੇਣ ਦੀ ਸਮਰੱਥਾ ਰਖਦਾ ਸੀ ਜਿਸ ਬਾਰੇ ਦੁਸ਼ਮਣ ਸੋਚ ਵੀ ਨਾ ਸਕੇ। ਉਸ ਨੂੰ ਅਕਾਲ ਪੁਰਖ ਤੇ ਭਰੋਸਾ ਤੇ ਖ਼ਾਲਸੇ ਦੇ ਬਾਹੂ ਬਲ ਤੇ ਮਾਣ ਸੀ। ਗੱਲ ਜਚਦੀ ਨਹੀਂ ਕਿ ਕਲ੍ਹ ਆਈ ਫ਼ੌਜ ਨੂੰ ਖ਼ੁਫ਼ੀਆ ਰਾਹ ਦਾ ਪਤਾ ਹੋਵੇ ਤੇ ਉਸਨੂੰ, ਜੋ ਇੰਚ ਇੰਚ ਚੁਫੇਰੇ ਤੋਂ ਜਾਣੂੰ ਹੈ, ਖ਼ੁਫ਼ੀਆ ਰਾਹ ਦਾ ਪਤਾ ਹੀ ਨਾ ਹੋਵੇ ! ਹਾਂ, ਸਭ ਤਰ੍ਹਾਂ ਨਿਪੁੰਨ ਹੁੰਦਿਆਂ, ਦੁਸ਼ਮਣ ਦੀ ਕਿਸੇ ਕਮਜ਼ੋਰੀ ਨੂੰ ਜੇ ਵਰਤ ਗਿਆ ਹੋਵੇ ਤਾਂ ਉਸ ਦਾ ਹੱਕ ਸੀ।

**ਲੋਹਗੜ੍ਹ ਸ਼ਾਹੀ ਫ਼ੌਜ ਦੇ ਕਬਜ਼ੇ ਵਿਚ :–**

11 ਦਸੰਬਰ 1710 ਈ: ਦਾ ਸੂਰਜ ਨਿਕਲਿਆ ਹੀ ਸੀ ਕਿ ਮੁਨਿਅਮ ਖ਼ਾਂ, ਖ਼ਾਨ-ਇ-ਖ਼ਾਨਾ ਨੇ ਆਪਣੇ ਤਹਿਤ ਫ਼ੌਜ ਨੂੰ ਹੁਕਮ ਦਿਤਾ ਕਿ ਅੱਗੇ ਵਧ ਕੇ ਕਿਲ੍ਹੇ ਉਤੇ ਹੱਲਾ ਕਰਨ। ਮਜ਼ਾਹਮਤ (ਵਿਰੋਧਤਾ) ਕਰਨ ਵਾਲੇ ਸਿੱਖਾਂ ਨੂੰ ਵਢ ਕੱਟ ਕੇ ਪਹਾੜੀ ਉਤੇ ਚੜ੍ਹਨ ਤੇ ਦੂਜੇ ਲਸ਼ਕਰ ਤੋਂ ਪਹਿਲਾਂ ਕਿਲ੍ਹਾ ਸਰ ਕਰ ਲੈਣ ਦਾ ਨਾਮਣਾ ਖਟਣ। ਉਹ ਇਹ ਭਲ ਪ੍ਰਾਪਤ ਕਰਕੇ ਪਾਤਸ਼ਾਹ ਦੀਆਂ ਨਜ਼ਰ ਵਿਚ ਸੁਰਖ਼ਰੂ ਹੋਣਾ ਚਾਹੁੰਦਾ ਸੀ। ਇਹ ਦੂਜਾ ਹੱਲਾ ਬਾਦਸ਼ਾਹ ਦੀ ਦੂਸਰੀ ਹੁਕਮ-ਅਦੂਲੀ ਸੀ। ਇਕ ਹੁਕਮ-ਅਦੂਲੀ ਉਹ ਪਹਿਲਾਂ ਕਰ ਚੁਕਾ ਸੀ।

ਬਾਦਸ਼ਾਹ ਨੇ ਜਦ ਸੋਮ ਨਦੀ ਦੇ ਕੰਢੇ ਤੇ ਕੈਂਪੂ ਲਾਇਆ ਤੇ ਲੋਹਗੜ੍ਹ ਦੁਆਲੇ ਘੇਰਾ ਪਾਇਆ, ਉਸ ਨੇ ਹੁਕਮ ਦਿਤਾ ਸੀ ਕਿ ਉਸ ਦੇ ਆਦੇਸ਼ ਤੋਂ ਬਿਨਾਂ ਕੋਈ ਵੀ ਜਰਨੈਲ ਆਪਣੇ ਆਪ ਅਗੇ ਵਧ ਕੇ ਸਿੱਖਾਂ ਉਤੇ ਹਮਲਾ ਨਾ ਕਰੇ। ਸ਼ਾਹੀ ਫ਼ੌਜ ਦਾ ਜੋ ਨੁਕਸਾਨ ਸਿੱਖਾਂ ਕੀਤਾ ਸੀ, ਬਹਾਦਰ ਸ਼ਾਹ ਦੇ ਧਿਆਨ ਵਿਚ ਸੀ। ਉਹ ਨਹੀਂ ਸੀ ਚਾਹੁੰਦਾ ਕਿ ਫ਼ੌਜ ਦਾ ਅਜਾਈਂ ਨੁਕਸਾਨ ਹੋਈ ਜਾਵੇ, ਜਿਸ ਨਾਲ ਸਿਪਾਹੀਆਂ ਦੇ ਮਨ ਤੇ ਅਸਰ ਹੋਣ ਦਾ ਖ਼ਦਸ਼ਾ ਸੀ। ਨਾਲ ਹੀ ਉਹ ਦ੍ਰਿੜ੍ਹ ਸੀ ਕਿ ਬੰਦਾ ਸਿੰਘ ਦੇ ਜੀਉਂਦਿਆਂ ਮੁਗ਼ਲ ਰਾਜ ਸੁਰਖਿਅਤ ਨਹੀਂ। ਉਹ ਬੰਦਾ ਸਿੰਘ ਨੂੰ ਜੀਉਂਦੇ ਜਾਂ ਮਰੇ ਨੂੰ ਆਪਣੇ ਸਾਹਮਣੇ ਵੇਖਣਾ ਚਾਹੁੰਦਾ ਸੀ। ਆਪਣੇ ਸਭ ਤੋਂ ਵੱਡੇ ਵੈਰੀ ਦਾ ਕਰੜਾ ਚਗਿਰਦੇ ਘੇਰਾ ਪਾ ਕੇ ਇਹਤਿਆਤ ਕਰ ਰਿਹਾ ਸੀ ਕਿ ਬੰਦਾ ਸਿੰਘ ਹੱਥ ਆਇਆ ਨਾ ਨਿਕਲ ਜਾਵੇ। ਸਿਖ ਆਗੂ ਦੀ ਸ਼ਕਤ ਦਾ ਤੌਖਲਾ ਸੀ ਤੇ ਉਹ ਕੋਈ ਵੀ ਐਸਾ ਕੱਚਾ ਕਦਮ ਨਹੀਂ ਸੀ ਚੁਕਣਾ ਚਾਹੁੰਦਾ ਜਿਸ ਦੇ ਫਲ-ਸਰੂਪ ਪਛਤਾਵਾ ਹੋਵੇ। ਏਸੇ ਲਈ ਉਸ ਨੇ ਸਾਰੇ ਜਰਨੈਲਾਂ ਨੂੰ ਪੂਰੇ ਜ਼ਬਤ ਵਿਚ ਰਹਿਣ ਦੇ ਆਦੇਸ਼ ਦਿਤੇ ਹੋਏ ਸਨ। ਉਹ ਹਰ ਸੂਰਤ ਵਿਚ ਬੰਦਾ ਸਿੰਘ ਨੂੰ ਫੜਨਾ ਚਾਹੁੰਦਾ ਸੀ ਤੇ ਕੋਈ ਐਸਾ ਰਸਤਾ ਖੁਲ੍ਹਾ ਨਹੀਂ ਸੀ ਰਹਿਣ ਦਿਤਾ ਕਿ ਸ਼ੇਰ ਸ਼ਿਕਾਰੀਆਂ ਹੱਥ ਆਇਆ ਨਿਕਲ ਜਾਵੇ। ਖ਼ਾਨ-ਖ਼ਾਨਾ ਦਾ ਹੱਲਾ, ਜਿਸਦੀ ਭਾਵੇਂ ਪਾਤਸ਼ਾਹ ਵਲੋਂ ਆਗਿਆ ਨਹੀਂ ਸੀ ਲਈ



www.AKJ.Org

ਗਈ, ਏਨੀ ਕਾਹਲੀ ਤੇ ਜ਼ੋਰ ਦਾ ਸੀ ਕਿ ਫ਼ੌਜ ਬੜੀ ਤੇਜ਼ੀ ਨਾਲ ਕਿਲ੍ਹੇ ਵਲ ਵਧਣ ਲਗੀ। ਅੰਦਰ ਗੁਲਾਬ ਸਿੰਘ ਤੇ ਉਸ ਦੇ ਮੁਠੀ ਭਰ ਸਾਥੀਆਂ ਨੇ ਏਡੇ ਵਡੇ ਟਿੱਡੀ ਦਲ ਅਗੇ ਕਿੰਨਾ ਕੁ ਚਿਰ ਅੜ ਸਕਣਾ ਸੀ। ਉਹ ਪੂਰਾ ਟਿੱਲ ਲਾ ਕੇ ਲੜੇ ਤੇ ਫ਼ੌਜ ਸਿਧੀ ਰਵਾਂ ਰਵੀਂ ਆ ਕੇ ਕਿਲ੍ਹੇ ਤੇ ਕਾਬੂ ਨਾ ਪਾ ਸਕੀ। ਗੁਲਾਬ ਸਿੰਘ ਦਾਂ ਇਹੋ ਸਫਲ ਮਨੋਰਥ ਸੀ ਕਿ ਫ਼ੌਜ ਨੂੰ ਅਸਲੀਅਤ ਦਾ ਪਤਾ ਨਾ ਲੱਗ ਸਕੇ। ਬੰਦਾ ਸਿੰਘ ਤੇ ਉਸ ਦੇ ਸਾਥੀਆਂ ਅਤੇ ਫ਼ੌਜ ਵਿਚਕਾਰ ਜਿੰਨੀ ਵਿਥ ਪੈ ਸਕੇ, ਓਨੀ ਠੀਕ ਹੈ।

ਓੜਕ ਨੂੰ ਕਿਲ੍ਹਾ ਸਰ ਹੋ ਗਿਆ ਤੇ ਗੁਲਾਬ ਸਿੰਘ ਅਤੇ ਉਸ ਦੇ ਸਾਥੀ ਫੜ ਲਏ ਗਏ। ਲਾਗਲੇ ਪਿੰਡਾਂ ਦੇ ਉਹ ਮਰਦ, ਤੀਵੀਆਂ ਤੇ ਬੱਚੇ, ਜਿਨ੍ਹਾਂ ਫ਼ੌਜ ਤੋਂ ਡਰਦਿਆਂ ਬੰਦਾ ਸਿੰਘ ਪਾਸ ਪਨਾਹ ਲਈ ਹੋਈ ਸੀ, ਵੀ ਫੜ ਲਏ ਗਏ। ਪਹਿਲੇ ਦਿਨਾਂ ਦੀ ਲੜਾਈ ਚਿ ਹੋਏ ਜ਼ਖਮੀ ਸਾਰੇ ਕਤਲ ਕੀਤੇ ਗਏ।

ਕਿਲ੍ਹੇ ਵਿਚਲਾ ਮਾਲ ਅਸਬਾਬ, ਕਈ ਵਧੀਆ ਘੋੜੇ, ਊਠ, ਪੰਜ ਹਾਥੀ, ਭਾਰ ਵਾਲੀਆਂ ਖਚਰਾਂ, ਤਿੰਨ ਵਡੀਆਂ ਤੇ 17 ਛੋਟੀਆਂ ਤੋਪਾਂ, ਕੁਝ ਬੰਦੂਕਾਂ, ਤਲਵਾਰਾਂ, ਉਹ ਚਾਨਣੀ ਜਿਸ ਦੀਆਂ ਚੋਬਾਂ ਚਾਂਦੀ ਦੀਆਂ ਸਨ, ਚਾਂਦੀ ਦੇ ਸਿੱਕੇ, ਅਸ਼ਰਫ਼ੀਆਂ, ਜੋ ਮਿਲਾ ਕੇ 8 ਲਖ ਦੀ ਰਕਮ ਬਣਦੀ ਸੀ, ਸਭ ਜੇਤੂ ਫ਼ੌਜ ਦੇ ਹੱਥ ਲੱਗਾ।

ਸ਼ਾਹੀ ਕੈਂਪ ਵਿਚ ਜਦ ਕਿਲ੍ਹੇ ਦੇ ਸਰ ਹੋਣ ਤੇ, ਬੰਦਾ ਸਿੰਘ ਦਾ ਸਾਥੀਆਂ ਸਮੇਤ ਫੜੇ ਜਾਣ ਦੀ ਖ਼ਬਰ ਪਹੁੰਚੀ ਤਾਂ ਪਾਤਸ਼ਾਹ ਤੋਂ ਲੈ ਕੇ ਛੋਟੇ ਤੋਂ ਛੋਟੇ ਕਰਮਚਾਰੀ ਤਕ ਸਾਰਾ ਕੈਂਪ ਖ਼ੁਸ਼ੀ ਵਿਚ ਝੂਮ ਉਠਿਆ। ਭਾਂਤ ਭਾਂਤ ਦੀਆਂ ਗੱਲਾਂ ਕਰਨ। ਖ਼ਾਸ ਕਰ ਮੌਲਵੀ ਮੁਲਾਣੇ, ਜੋ ਸਵੇਰ ਤਕ "ਜਲ ਤੂ ਜਲਾਲ ਤੂ" ਪੜ੍ਹਦੇ ਤੇ ਬੰਦੇ ਦੇ ਡਰੋਂ ਦੁਆਈਂ ਮੰਗਦੇ ਕਿ ਯਾ ਅਲਾ, ਸਾਨੂੰ ਕਿਵੇਂ ਇਸ ਤੋਂ ਬਚਾ ਕੇ ਘਰ ਵਾਪਸ ਬਾਲ ਬੱਚੇ ਦਾ ਮੂੰਹ ਵਿਖਾ, ਇਸ ਨੂੰ ਹੀ ਕਾਮਯਾਬੀ ਬਖ਼ਸ਼ ਜੋ ਇਹ ਕਿਧਰੇ ਨਿਕਲ ਜਾਵੇ, ਸਾਨੂੰ ਇਸ ਅਜ਼ਾਬ ਤੋਂ ਨਜਾਤ ਮਿਲੇ, ਹੁਣ ਸਾਰੀ ਨੇਕਨਾਮੀ ਆਪ ਲੈਣ ਦੀਆਂ ਕਹਿ ਰਹੇ ਸਨ। ਹਰ ਕੋਈ ਕਹੇ ਕਿ ਮੇਰੀ ਦੂਆ ਦਾ ਹੀ ਅਸਰ ਹੈ, ਜੋ ਕਬੂਲ ਹੋਈ ਹੈ ਤੇ ਇਹ ਮੂਜ਼ੀ (ਵੈਰੀ) ਫੜਿਆ ਗਿਆ ਹੈ। ਜਣਾ ਖਣਾ ਦੂਆ ਦਾ ਸਿਹਰਾ ਆਪਣੇ ਸਿਰ ਬੰਨ੍ਹੇ। ਸਾਰੇ ਕੈਂਪ ਵਿਚ ਈਦ ਵਰਗੀਆ ਖ਼ੁਸ਼ੀਆਂ ਸਨ।

ਉਸ ਸਮੇਂ ਇਹ ਰਿਵਾਜ ਸੀ ਕਿ ਜਦ ਕੋਈ ਅਮੀਰ ਆਪਣੇ ਜ਼ਿੰਮੇ ਲਗੀ ਮੁਹਿੰਮ ਨੂੰ ਸਰ ਕਰ ਕੇ ਆਉਂਦਾ ਤਾਂ ਉਸਦੇ ਅੱਗੇ ਅੱਗੇ ਉਸ ਦੀ ਜਿਤ ਦੀ ਖ਼ੁਸ਼ੀ ਦੇ ਢੋਲ ਨਗਾਰੇ ਤੇ ਵਾਜੇ ਵਜਦੇ ਆਉਂਦੇ। ਇਸ ਨਾਲ ਨਿਰੀ ਜਿਤ ਦੀ ਖ਼ੁਸ਼ੀ ਹੀ ਲੋਕਾਂ ਵਿਚ ਨਹੀਂ ਸੀ ਬਖੇਰੀ ਜਾਂਦੀ, ਸਗੋਂ ਲੋਕਾਂ ਦੇ ਦਿਲਾਂ ਤੇ ਸਰਕਾਰ ਦੀ ਤਾਕਤ ਦਾ ਦਬਦਬਾ ਬਿਠਾਇਆ ਜਾਂਦਾ। ਲੁਟਿਆ ਮਾਲ ਤੇ ਫੜੇ ਹੋਏ ਦੁਸ਼ਮਣ ਤੇ ਉਸ ਦੇ ਸਿਪਾਹੀਆਂ ਦੀ, ਅਗੇ ਲਾ ਕੇ ਪ੍ਰਦਰਸ਼ਨੀ ਕੀਤੀ ਜਾਂਦੀ। ਸੰਗਲਾਂ ਨਾਲ ਜਕੜੇ, ਗਲਾਂ ਵਿਚ ਤੌਕ, ਜਿਸਮ ਤੇ ਹਾਸੋਹੀਣ ਲਿਬਾਸ ਪਾਉਣਾ, ਵੈਰੀ ਦੀ ਰੱਜ ਕੇ ਬੇਪਤੀ ਕਰਨਾ ਤੇ ਲੋਕਾਂ ਨੂੰ ਡਰਾਵਾ ਦੇਣਾ ਹੁੰਦਾ ਸੀ। ਮੁਨਿਅਮ ਖ਼ਾਨ ਤਾਂ ਮੁਗ਼ਲ ਰਾਜ ਦੇ ਬਹੁਤ ਹੀ ਡਾਢੇ ਵੈਰੀ ਨੂੰ ਫੜ ਕੇ ਲਿਆਇਆ ਸੀ। ਆਪਣੇ ਵਲੋਂ ਉਹ ਬੰਦਾ ਸਿੰਘ ਨੂੰ ਫੜੀ ਆਉਂਦਾ ਸੀ ਜਿਸ ਨੇ ਮੁਗ਼ਲ ਰਾਜ ਤੇ ਕੁਲ ਤੁਰਕਾਣੀ ਦੀ ਨੀਂਦ ਹਰਾਮ ਕੀਤੀ ਹੋਈ ਸੀ, ਉਸ ਦੇ ਅਗੇ ਅਗੇ ਜਿੱਤ ਦੇ ਨਗਾਰੇ ਵਜਦੇ ਆ ਰਹੇ ਸਨ ਤੇ ਉਹ ਇਸੇ ਹਾਲਤ ਵਿਚ ਬਾਦਸ਼ਾਹ ਦੇ ਡੇਰੇ ਵਲ ਆ ਰਿਹਾ ਸੀ ਕਿ ਰਾਹ ਵਿਚ ਹੀ ਸ਼ਾਹੀ ਹੁਕਮ ਮਿਲਿਆ ਕਿ ਨਗਾਰੇ ਬੰਦ ਕੀਤੇ ਜਾਣ ਤੇ ਖ਼ਾਨ-ਖ਼ਾਨਾ ਬਾਦਸ਼ਾਹ ਦੇ ਹਜ਼ੂਰ ਆਉਣ ਦੀ ਦਲੇਰੀ ਨਾ ਕਰੇ। ਖ਼ਾਨ-ਖ਼ਾਨਾ ਆਪਣੇ ਮਨ ਵਿਚ ਪ੍ਰਸੰਨ ਸੀ ਕਿ ਉਹ ਬੰਦਾ ਸਿੰਘ ਨੂੰ ਜੀਉਂਦੇ ਨੂੰ ਹੀ ਫੜ ਕੇ ਪਾਤਸ਼ਾਹ ਪਾਸ ਲਈ ਜਾ ਰਿਹਾ ਹੈ। ਇਸ ਨਾਲ ਪਾਤਸ਼ਾਹ ਦਾ ਉਹ ਗੁੱਸਾ, ਜੋ ਉਸ ਦੀ ਪਹਿਲੀ ਹੁਕਮ-ਅਦੂਲੀ ਕਾਰਨ ਉਸ ਨੂੰ ਸੀ, ਖਤਮ ਹੋ ਜਾਵੇਗਾ ਤੇ ਉਸ ਦਾ ਦਿਲ ਉਸ ਲਈ ਪ੍ਰਸੰਸਾ ਨਾਲ ਭਰ ਜਾਵੇਗਾ। ਪਰ ਕੌਣ ਉਸ ਦਾ ਦਿਲ ਟੁਟ ਜਾਣ ਤੇ ਅਥਾਹ ਨਿਰਾਸਤਾ ਦਾ ਅੰਦਾਜ਼ਾ ਲਾ ਸਕਦੇ, ਜਦ ਉਸ ਨੂੰ ਪਤਾ ਲਗਾ ਕਿ ਬਾਜ਼ ਜਾਲ 'ਚੋਂ ਨਿਕਲ ਗਿਆ ਹੈ ਤੇ ਜਿਸ ਨੂੰ ਫੜ ਲਿਆਇਆ ਹੈ, ਉਹ ਕੁਝ ਹੋਰ ਹੀ ਹੈ। ਅਤੇ ਇਹ ਵੀ ਕੋਈ ਖ਼ਬਰ ਨਹੀਂ ਕਿ ਉਹ ਗਿਆ ਕਿਧਰ ਨੂੰ ਹੈ। ਖ਼ਾਨ-ਖ਼ਾਨਾ ਦੇ ਹਵਾਸ ਉੱਡ ਗਏ। ਦੋ ਵਾਰ ਦੀ ਹੁਕਮ-ਅਦੂਲੀ ਤੇ ਬੰਦਾ ਸਿੰਘ ਦਾ ਏਡੇ ਪੀਡੇ ਘੇਰੇ ਚੋਂ ਨਿਕਲ

ਜਾਣ ਕਰਕੇ ਉਹ ਸ਼ਾਹੀ ਗੁਸੇ ਦੇ ਗ਼ਮ ਵਿਚ ਡੁਬ ਗਿਆ। ਉਹ ਨਿਰਾਸਤਾ ਵਿਚ ਡੁਬਾ, ਝੂਰਦਾ ਤੇ ਡਕੋ-ਡੋਲੇ ਖਾਂਦਾ ਹੋਇਆ ਆਪਣੇ ਡੇਰੇ ਵਲ ਨੂੰ ਮੁੜ ਗਿਆ। ਹਰ ਘੜੀ ਉਸ ਨੂੰ ਦਿਲ ਤੋੜਨ ਵਾਲੀ ਖ਼ਬਰ ਮਿਲਦੀ ਸੀ ਕਿ ਦਰਬਾਰ ਵਿਚ ਉਸ ਦੇ ਦੋਖੀ ਉਸ ਦੀ ਨਾਕਾਮਯਾਬੀ ਕਾਰਨ ਸ਼ਾਹੀ ਨਜ਼ਰੋਂ ਗਿਰ ਜਾਣ ਤੇ ਬੜੇ ਖ਼ੁਸ਼ ਹਨ, ਤੇ ਬਾਦਸ਼ਾਹ, ਜੋ ਇਸ ਵੇਲੇ ਬਹੁਤ ਹੀ ਗੁੱਸੇ ਵਿਚ ਹੈ, ਨੂੰ ਹੋਰ ਭੜਕਾ ਰਹੇ ਹਨ। ਇਸ ਮੁਹਿੰਮ ਦੀ ਨਾਕਾਮਯਾਬੀ ਤੁਹਾਡੇ ਤੇ ਸੁਟ ਰਹੇ ਹਨ ਤੇ ਖੁਲ੍ਹਮ-ਖੁਲ੍ਹਾ ਤੁਹਾਨੂੰ ਬੁਰਾ ਭਲਾ ਕਹਿ ਰਹੇ ਹਨ। ਵੈਰੀ ਤੁਹਾਨੂੰ ਮਿੱਟੀ ਵਿਚ ਮਿਲਾ ਦੇਣ ਤੇ ਤੁਲੇ ਹੋਏ ਹਨ।

ਬਾਦਸ਼ਾਹ ਦਾ ਗੁੱਸਾ ਕੁਝ ਦੇਰ ਬਾਅਦ ਉਤਰ ਗਿਆ ਤੇ ਉਸ ਨੇ ਫਿਰ ਉਸ ਤੇ ਮਿਹਰਬਾਨੀ ਕਰਨੀ ਆਰੰਭ ਦਿਤੀ। ਬਾਦਸ਼ਾਹ ਨੂੰ ਤਖ਼ਤ ਦਿਵਾਉਣ ਲਈ ਵੱਡਾ ਮੋਢੀ ਖ਼ਾਨ-ਖਾਨਾ ਸੀ। ਸੋ ਬਾਦਸ਼ਾਹ ਨੇ ਪਹਿਲੇ ਕੰਮਾਂ ਦਾ ਲਿਹਾਜ਼ ਕਰਕੇ ਉਸ ਦੇ ਵਕਾਰ ਨੂੰ ਮੁੜ ਬਹਾਲ ਕਰਨ ਦਾ ਪੂਰਾ ਯਤਨ ਕੀਤਾ। ਤਦ ਵੀ ਇਹ ਸਾਊ ਤੇ ਵਫ਼ਾਦਾਰ ਅਮੀਰ ਸ਼ਾਹੀ ਨਾ-ਸ਼ੁਕਰੀ ਦੇ ਅਸਰ ਤੋਂ ਅਭਿਜ ਨਾ ਰਿਹਾ[1]। ਤਿੰਨੇ ਸ਼ਹਿਜ਼ਾਦੇ ਤੇ ਅਮੀਰ-ਉਲ-ਉਮਰਾਅ ਉਸ ਦੀ ਮੁਕੰਮਲ ਬਰਬਾਦੀ ਲਈ ਉਸ ਦੇ ਮਗਰ ਲੱਗੇ ਹੋਏ ਸਨ, ਜਿਸ ਵ੍ਰਿਚ ਉਹ ਪੂਰੇ ਕਾਮਯਾਬ ਹੋਏ। ਇਸ ਲਈ ਇਹ ਦਿਲ-ਵਿੰਨ੍ਹਵਾਂ ਦੁਖ, ਸ਼ਾਹੀ ਨਾਸ਼ੁਕਰੀ ਦੇ ਅਫ਼ਸੋਸ ਨਾਲ ਮਿਲ ਕੇ, ਜ਼ਹਿਰ ਵਿਚ ਡੁਬਾ ਖ਼ੰਜਰ ਬਣ ਕੇ, ਉਸ ਦੀ ਛਾਤੀ ਵਿਚ ਖੁਭ ਗਿਆ। ਇਹ ਦੁਖ ਉਸ ਨੂੰ ਵਿਚੋ ਵਿੱਚ ਖਾ ਗਿਆ। ਬੇ-ਇਜ਼ਤੀ ਵਾਲੇ ਦਿਨ ਹੀ ਉਹ ਬੀਮਾਰ ਹੋ ਗਿਆ। ਐਥੋਂ ਤਕ ਕਿ ਉਹ ਥੋੜੇ ਦਿਨਾਂ ਵਿਚ ਹੀ ਮੰਜੇ ਨਾਲ ਲੱਗ ਗਿਆ। ਢਾਈ ਮਹੀਨੇ ਬਾਅਦ ਰਾਜ ਦਾ ਇਹ ਵਫ਼ਾਦਾਰ ਸਿਪਾਹੀ ਇਸ ਜਹਾਨੋਂ ਕੂਚ ਕਰ ਗਿਆ।

ਜਿਸ ਵੇਲੇ ਕਿਲ੍ਹਾ ਸਰ ਹੋ ਗਿਆ ਤੇ ਫਤਿਹ ਦਾ ਇਸ਼ਾਰਾ ਦੇ ਦਿਤਾ ਗਿਆ ਤਾਂ ਸਮੇਂ ਦੇ ਰਿਵਾਜ ਅਨੁਸਾਰ ਜਿਸ ਜਿਸ ਨੇ ਪਹਿਲੋਂ ਆ ਕੇ ਖ਼ਬਰ ਦਿਤੀ, ਪਾਤਸ਼ਾਹ ਪਾਸੋਂ ਤਕੜੇ ਤਕੜੇ ਇਨਾਮ ਲਏ। ਬਹਾਦਰ ਸ਼ਾਹ ਨੇ ਇਹ ਖ਼ਬਰ ਸੁਣਦਿਆਂ ਹੀ ਲੁਹਾਰਾਂ ਨੂੰ ਬੁਲਾ ਕੇ ਹੁਕਮ ਦਿਤਾ ਕਿ ਉਹ ਛੇਤੀ ਤੋਂ ਛੇਤੀ ਲੋਹੇ ਦਾ ਇਕ ਮਜ਼ਬੂਤ ਪਿੰਜਰਾ ਤਿਆਰ ਕਰਨ ਤਾਂਕਿ ਬੰਦੇ ਨੂੰ ਉਸ ਵਿਚ ਬੰਦ ਕੀਤਾ ਜਾਵੇ।

ਦੂਜੇ ਪਾਸੇ ਜਦ ਖ਼ਾਨ-ਖ਼ਾਨਾ ਦੀ ਸੈਨਾ ਗੁਲਾਬ ਸਿੰਘ (ਮੁਸਲਮਾਨ ਇਤਿਹਾਸਕਾਰ ਉਸ ਨੂੰ ਗੁਲਾਬੂ ਹੀ ਲਿਖਦੇ ਹਨ। ਅੰਮ੍ਰਿਤ ਛਕਣ ਤੋਂ ਪਹਿਲਾਂ ਗੁਲਾਬੂ ਨਾਂ ਨਾਲ ਹੀ ਬੁਲਾਇਆ ਜਾਂਦਾ ਸੀ।) ਨੂੰ ਵਜ਼ੀਰ ਪਾਸ ਲਿਆਈ ਤਾਂ ਪੁਛ ਪੜਤਾਲ ਵਜੋਂ ਦੋ ਚਾਰ ਗੱਲਾਂ ਪੁਛਣ ਤੋਂ ਹੀ ਪਤਾ ਲੱਗ ਗਿਆ ਕਿ ਇਹ ਬੰਦਾ ਨਹੀਂ, ਬੰਦੇ ਦੀ ਨਕਲ ਹੈ।

ਬਾਦਸ਼ਾਹ ਇਸ ਹਾਰ ਤੇ ਬਹੁਤ ਤਿਲਮਲਾਇਆ ਹੋਇਆ ਸੀ। ਫ਼ੌਜ ਦੇ ਅਮੀਰਾਂ ਨੂੰ ਬੁਰਾ ਭਲਾ ਕਿਹਾ, ਪਰ ਕਰ ਕੁਝ ਨਹੀਂ ਸੀ ਸਕਦਾ, ਚੁਪ ਹੋ ਰਿਹਾ।

ਹਮੀਦ ਖ਼ਾਂ ਬਹਾਦਰ ਨੂੰ ਹੁਕਮ ਮਿਲਿਆ ਕਿ ਉਹ ਤਕੜੀ ਫ਼ੌਜ ਲੈ ਕੇ ਬੰਦੇ ਦਾ ਪਿੱਛਾ ਕਰੇ। ਜੇ ਕਰ ਜੀਉਂਦਾ ਮੋਇਆ ਹੱਥ ਆ ਜਾਵੇ ਤਾਂ ਵਾਹ ਭਲੀ, ਨਹੀਂ ਤਾਂ ਨਾਹਨ ਦਾ '**ਬਰਫ਼ੀ ਰਾਜਾ**' ਫੜ ਲਿਆਉਣਾ, ਕਿਉਂਕਿ ਉਹ ਪੱਕਾ ਨਮਕ-ਹਰਾਮ ਸਾਬਤ ਹੋਇਆ ਹੈ ਕਿ ਉਸ ਨੇ ਸਾਡੇ ਏਡੇ ਵੱਡੇ ਵੈਰੀ ਨੂੰ ਆਪਣੇ ਰਾਜ ਵਿਚ ਦੀ ਸੁੱਕਾ ਹੀ ਲੰਘ ਜਾਣ ਦਿਤਾ ਹੈ। ਉਹ ਉਸ ਨੂੰ ਫੜ ਕੇ ਸਾਡੇ ਹਵਾਲੇ ਕਰ ਸਕਦਾ ਸੀ।

ਹਮੀਦ ਖ਼ਾਂ ਬਹਾਦਰ ਫ਼ੌਜ ਲੈ ਕੇ ਬੰਦੇ ਦੇ ਮਗਰ ਗਿਆ ਤਾਂ ਸਹੀ, ਪਰ ਉਹ ਕਰ ਕੀ ਸਕਦਾ ਸੀ। ਬੰਦੇ ਨੂੰ ਫੜ ਸਕਣਾ ਉਸ ਦੇ ਵਸ ਦਾ ਰੋਗ ਨਹੀਂ ਸੀ। ਜਿਸ ਤੇਜ਼-ਰਫਤਾਰੀ ਨਾਲ ਉਹ ਪਹਾੜਾਂ ਦੇ ਵਿੰਗੇ ਟੇਢੇ ਰਾਹਾਂ ਥਾਣੀਂ, ਜਿਨ੍ਹਾਂ ਦਾ ਕੇਵਲ ਉਸ ਨੂੰ ਹੀ ਪਤਾ ਸੀ, ਨਿਕਲ ਗਿਆ, ਹਮੀਦ ਖਾਂ ਉਸ ਨੂੰ ਪਰਾਂ ਨਾਲ ਉਡ ਕੇ ਵੀ ਨਹੀਂ ਸੀ ਫੜ ਸਕਦਾ। ਸ਼ਾਹੀ ਸੈਨਾ ਨੇ ਜ਼ੋਰ ਤਾਂ ਬਹੁਤ ਮਾਰਿਆ, ਪਰ ਉਸ ਨੂੰ ਬੰਦਾ ਸਿੰਘ ਦਾ ਕੋਈ ਪਤਾ ਨਾ ਲਗਾ; ਹਰਫਲੀ ਹੋਈ ਸ਼ਾਹੀ ਸੈਨਾ ਦਾ ਗੁੱਸਾ ਨਾਹਨ ਦੇ ਰਾਜੇ ਤੇ ਨਿਕਲਿਆ। ਉਸ ਨੂੰ ਕੈਦ ਕਰਕੇ ਖ਼ਾਨ-ਖ਼ਾਨਾ ਪਾਸ ਲਿਆਂਦਾ ਗਿਆ।

ਨਾਹਨ ਦਾ ਬਰਫ਼ੀ ਰਾਜਾ ਭੂਪ ਪ੍ਰਕਾਸ਼, ਰਾਜਾ ਹਰੀ ਪ੍ਰਕਾਸ਼ ਦਾ ਪੁਤਰ ਸੀ। ਹਰੀ ਪ੍ਰਕਾਸ਼ ਦੇ ਮਰਨ ਤੇ



www.AKJ.Org

ਔਰੰਗਜ਼ੇਬ ਨੇ ਭੂਪ ਪ੍ਰਕਾਸ਼ ਦੇ ਛੋਟੇ ਭਰਾ ਨੂੰ ਗੱਦੀ ਦੇਣ ਦਾ ਲਾਲਚ ਦਿਤਾ ਸੀ ਜੇ ਉਹ ਅਸਲਾਮ ਧਰਮ ਧਾਰਨ ਕਰ ਲਵੇ। ਪਰ ਉਸ ਨੇ ਆਪਣੇ ਧਰਮ ਨੂੰ ਗੱਦੀ ਨਾਲੋਂ ਉਚੇਰਾ ਸਮਝਿਆ ਤੇ ਔਰੰਗਜ਼ੇਬ ਦੀ ਪੇਸ਼ਕਸ਼ ਠੁਕਰਾ ਦਿਤੀ।

ਭੂਪ ਪ੍ਰਕਾਸ਼ ਨੂੰ ਗੁਲਾਬ ਸਿੰਘ ਨਾਲ ਬੰਦਾ ਸਿੰਘ ਵਾਸਤੇ ਬਣੇ ਲੋਹੇ ਦੇ ਪਿੰਜਰੇ ਵਿਚ ਪਾ ਕੇ ਦਿਲੀ ਨੂੰ ਤੋਰ ਦਿਤਾ ਗਿਆ, ਜਿਥੇ ਉਨ੍ਹਾਂ ਨੂੰ ਜੇਲ੍ਹ ਵਿਚ ਸੁਟਿਆ ਗਿਆ। ਗੁਲਾਬ ਸਿੰਘ ਦੇ ਸਾਥੀ ੩੦ ਸਿੰਘ, ਜੋ ਨਾਲ ਫੜੇ ਸਨ, ਕਤਲ ਕਰ ਦਿਤੇ ਗਏ। ਮੁਹੰਮਦ ਖ਼ਾਂ ਸਰਹੰਦ ਵਲੋਂ ਪਾਤਸ਼ਾਹ ਪਾਸ ਆਇਆ ਤੇ ੬ ਗੱਡੇ ਸਿਖਾਂ ਦੇ ਸਿਰਾਂ ਨਾਲ ਭਰੇ ਹੋਏ ਪੇਸ਼ ਕੀਤੇ।[2] [ਚਲਦਾ]

## ਫੁਟ ਨੋਟ ਤੇ ਹਵਾਲੇ

(੧) ਸ: ਕਰਮਸਿੰਘ ਹਿਸਟੋਰੀਅਨ-(ਜੀਵਨ ਬ੍ਰਿਤਾਂਤ) ਬੰਦਾ ਬਹਾਦਰ–ਸਫ਼ਾ ੧੪੬–੪੭ ਅਗੇ ਹਵਾਲਾ–ਇਰਾਦਤ ਖ਼ਾਂ–ਮਿਰਜ਼ਾ ਮੁਬਾਰਕੁਲ੍ਹਾ–ਤਜ਼ਕਰਾਹ-ਇ-ਇਰਾਦਤ ਖ਼ਾਨ,ਇਸ ਨੂੰ ਤਾਰੀਖ-ਇ ਮੁਬਾਰਕੀ ਵੀ ਕਿਹਾ ਜਾਂਦਾ ਹੈਤ

ਮੁਹੰਮਦ ਕਾਸਿਮ ਲਾਹੌਰੀ–ਇਬਰਤ ਨਾਮਾ।

(੨) ਖ਼ਾਫ਼ੀ ਖ਼ਾਂ-ਮੁਨਤਖ਼ਬ-ਉਲ-ਲਬਾਬ ॥, ਸਫ਼ਾ ੬੭੩–੭੪

**ਬਰਫ਼ੀ ਰਾਜਾ**–ਇਹ ਕੋਈ ਬਰਫ਼ੀ ਖਾਣ ਵਾਲਾ ਜਾਂ ਬਰਫ਼ੀ ਬਣਾਉਣ ਵਾਲਾ ਰਾਜਾ ਨਹੀਂ ਸੀ। ਬਰਫ਼ੀ ਰਾਜਾ ਨਾਹਨ ਦੇ ਰਾਜੇ ਨੂੰ ਹੀ ਕਿਹਾ ਜਾਂਦਾ ਸੀ, ਕਿਉਂਕਿ ਇਸ ਦੇ ਜ਼ਿਮੇ ਔਰੰਗਜ਼ੇਬ ਨੇ ਡਿਊਟੀ ਲਾਈ ਹੋਈ ਸੀ ਕਿ ਗਰਮੀਆਂ ਦੇ ਮੌਸਮ ਵਿਚ ਸ਼ਾਹੀ ਮਹੱਲਾਂ ਵਿਚ ਵਰਤਣ ਲਈ ਕਾਫ਼ੀ ਮਾਤਰਾ ਵਿਚ ਪਹਾੜਾਂ ਚੋਂ ਬਰਫ਼ ਘਲਾ-ਇਆ ਕਰੇ, ਜੋ ਇਹ ਖਿਲਾ-ਨਾਗਾ ਘਲਾਉਂਦਾ ਹੁੰਦਾ ਸੀ। ਸਰਦੀਆਂ ਦੇ ਮੌਸਮ ਵਿਚ ਜਦ ਬਰਫ਼ ਪੈਂਦੀ ਤਾਂ ਇਸ ਨੂੰ ਇਕੱਠਿਆਂ ਕਰ ਕੇ ਪਹਾੜਾਂ ਦੇ ਪੈਰਾਂ ਵਿਚ ਵਿਸ਼ੇਸ਼ ਕਿਸਮ ਦੇ ਤਿਆਰ ਕੀਤੇ ਟੋਇਆਂ ਵਿਚ ਭਰ ਲਿਆ ਜਾਂਦਾ। ਠੰਡ ਵਿਚ ਕਟਾਈ ਕਰਕੇ ਇਸ ਦੇ ਕਰੜੇ ਢੇਲੇ ਬਣਾ ਲਏ ਜਾਂਦੇ। ਗਰਮੀਆਂ ਵਿਚ ਇਨ੍ਹਾਂ ਢੇਲਿਆਂ ਨੂੰ ਮੋਟੇ ਕੰਬਲਾਂ ਤੇ ਦੂੰਨਾਂ ਵਿਚ ਲਪੇਟ ਕੇ ਗ਼ਰੀਬ ਪਹਾੜੀ ਕੁਲੀਆਂ ਦੀਆਂ ਪਿੱਠਾਂ ਤੇ ਰਖਾ ਕੇ ਜਮਨਾ ਦੇ ਕੰਢੇ ਧਾਮਰਾਸ ਦੇ ਮੁਕਾਮ ਤੇ ਇਕੱਠੀ ਕੀਤੀ ਜਾਂਦੀ। ਇਥੇ ਲਕੜੀ ਦੇ ਬਣੇ ਬਕਸਿਆਂ ਵਿਚ ਬੰਦ ਕਰਕੇ ਸ਼ਤੀਰੀਆਂ ਵਰਗੇ ਫਟਿਆਂ ਦੇ ਬਣੇ ਬੇੜਿਆਂ ਉਤੇ ਲੱਦ ਕੇ ਜ਼ਿਲਾ ਅੰਬਾਲੇ ਵਿਚ ਖਿਜ਼ਰਾਬਾਦ ਦੇ ਲਾਗੇ ਦਰਿਆਪੁਰ ਲਿਆਂਦੀ ਜਾਂਦੀ। ਇਥੇ ਬੇੜੀਆਂ ਉਤੇ ਲੱਦੀ ਜਾਂਦੀ ਤੇ ਇਥੋਂ ਤਿੰਨਾਂ ਦਿਨਾਂ ਵਿਚ ਅੱਗੇ ਦਿਲੀ ਪਹੁੰਚ ਜਾਂਦੀ।

ਹਜ਼ਾਰਾਂ ਆਦਮੀ ਇਸ ਬੇਗਾਰ ਵਿਚ ਸਾਰਾ ਸਾਲ ਲੱਗੇ ਰਹਿੰਦੇ। ਪਹਿਲਾਂ ਪਹਾੜਾਂ ਉਤੇ ਪਈ ਬਰਫ਼ ਨੂੰ ਪਹਾੜਾਂ ਦੇ ਪੈਰਾਂ ਵਿਚ ਧੂਹ ਕੇ, ਚੁੱਕ ਕੇ ਇਕੱਠੀ ਕਰਦੇ, ਗੜ੍ਹਿਆਂ ਵਿਚ ਪਾ ਕੇ ਨੱਪਦੇ ਤੇ ਬਰਫ਼ਾਨੀ ਮੌਸਮ ਵਿਚ ਠੁਰ ਠੁਰ ਕਰਦੇ ਠੰਡੇ ਦਿਨ ਤੇ ਕਾਲੀਆਂ ਠੰਡੀਆਂ ਰਾਤਾਂ ਝਾਗਦੇ, ਫਿਰ ਗਰਮੀਆਂ ਆਈਆਂ ਤੋਂ ਪਿੱਠਾਂ ਤੇ ਚੁਕ ਚੁਕ ਲਿਆਉਂਦੇ ਤੇ ਜਮਨਾ ਦੇ ਪਹਾੜਾਂ ਵਿਚਦੀ ਤੇਜ਼ ਵਗਦੇ ਵਹਿਣ ਵਿਚ ਬੇੜਿਆਂ ਤੇ ਲਦ ਕੇ ਦਰਿਆ-ਪੁਰ ਤਕ ਲਿਆਉਂਦੇ। ਇਥੇ ਬੇੜੇ ਉਖੇੜ ਕੇ ਉਨ੍ਹਾਂ ਦੇ ਫਟੇ ਖਚਰਾਂ ਟਟੂਆਂ ਤੇ ਲੱਦ ਕੇ ਫਿਰ ਵਾਪਸ ਧਾਮਰਾਸ ਪਹੁੰਚਾਉਂਦੇ। ਇਥੇ ਨਵੇਂ ਸਿਰੇ ਬੇੜੇ ਬੱਝਦੇ। ਧਾਮਰਾਸੋਂ ਕੁਲੀ ਮੁੜ ਮੋਟੇ ਕੰਬਲ ਤੇ ਦੂੰਨ ਪਿੱਠਾਂ ਤੇ ਚੁਕ ਕੇ ਬਰਫ਼ ਵਾਲੀ ਥਾਂ ਅਪੜਦੇ। ਜਾਂਦੇ ਸਾਰ ਫਿਰ ਲੱਦਾ ਲੈ ਕੇ ਵਾਪਸ ਪਿਛਾਂਹ ਨੂੰ ਤੁਰਦੇ। ਕਿਸੇ ਨੂੰ ਦੰਮ ਨਾ ਲੈਣ ਦਿਤਾ ਜਾਂਦਾ, ਇਹ ਸਫ਼ਰ ਦਿਨ ਰਾਤ ਚਾਲੂ ਰਹਿੰਦਾ। ਕੁਲੀ ਮੋਟਾਂ ਦੀਆਂ ਗਾਲ੍ਹਾਂ ਖਾਂਦੇ, ਸੋਟੇ ਹੁਝਾਂ ਖਾਂਦੇ ਪਸ਼ੂਆਂ ਵਾਂਗ ਤੁਰੇ ਜਾਂਦੇ। ਕਈ ਕਈ ਟੋਲੀਆਂ ਲੱਗੀਆਂ ਹੁੰਦੀਆਂ ਸਨ। ਕੋਈ ਦੰਮ ਟੁਟ ਕੇ ਮਰ ਗਿਆ ਤਾਂ ਫੜਿਆ ਤੇ ਟੰਗੋਂ ਧੂਹ ਕੇ ਖਡ ਵਿਚ ਵਗਾਹ ਮਾਰਿਆ। ਨਾ ਘਰ ਦਿਆਂ ਨੂੰ ਖਬਰ ਨਾ ਸਰਕਾਰ ਵਲੋਂ ਕੋਈ ਮੁਆਵਜ਼ਾ। ਮਰੇ ਦੀ ਥਾਂ ਕੋਈ ਕਿਸਮਤ ਦਾ ਮਾਰਿਆ ਹੋਰ ਫੜ ਲਿਆ ਜਾਂਦਾ। ਦੁੱਖ ਸੁਖ ਵੇਲੇ ਜੇ ਕਿਸੇ ਨੇ ਕੁਝ ਸਮੇਂ ਲਈ ਘਰ ਜਾਣਾ ਹੋਵੇ ਤਾਂ ਆਪਣੀ ਥਾਂ ਬੰਦਾ ਦੇ ਕੇ ਜਾਵੇ। ਇਨ੍ਹਾਂ ਗਰੀਬਾਂ ਦੇ ਵਿਆਹ ਸ਼ਾਦੀਆਂ ਤੇ ਮਰਨੇ ਪਰਨੇ ਬਰਫ਼ ਢੋਂਦਿਆਂ ਦੇ ਹੀ ਹੁੰਦੇ।



www.AKJ.Org

ਕੋਈ ਕੁਸਕਦਾ ਨਹੀਂ ਸੀ। ਮਰੇ ਕੋਈ ਜੀਵੇ, ਮੀਂਹ ਜਾਵੇ, ਹਨੇਰੀ ਜਾਵੇ, ਸ਼ਾਹੀ ਰਾਜਧਾਨੀ ਵਿਚ ਬਰਫ਼ ਐਨ ਸਮੇਂ ਸਿਰ ਬਿਲਾ ਨਾਗਾ ਪਹੁੰਚਣੀ ਚਾਹੀਦੀ ਸੀ।

ਬਰਫ਼ ਲਾਹ ਕੇ ਜੋ ਬੇੜੀਆਂ ਦਿਲੀਓਂ ਵਾਪਸ ਦਰਿਆ-ਪੁਰ ਨੂੰ ਜਮਨਾ ਦੇ ਚੜ੍ਹਦੇ ਪਾਣੀ ਮੁੜ ਦੀਆਂ ਉਨ੍ਹਾਂ ਨੂੰ ਬੜੀ ਸਖ਼ਤ ਮਿਹਨਤ ਕਰਨੀ ਪੈਂਦੀ। ਦੁਪਾਸੀ ਲਾਮ-ਡੋਰ ਲਗੀ ਰਹਿੰਦੀ। ਬਰਸਾਤਾਂ ਵਿਚ ਜਦ ਦਰਿਆ ਚੜ੍ਹ ਜਾਂਦਾ ਤਾਂ ਬੇੜੀਆਂ ਦਾ ਕੰਮ ਅਸਲੋਂ ਔਖਾ ਹੋ ਜਾਂਦਾ, ਚਲਾਉਣ ਵਾਲੇ ਮਰ ਲਥਦੇ। ਠੰਡਾ ਪਾਣੀ ਪੀਣ ਵਾਲੀ ਮੁਗਲ ਸ਼ਾਹੀ ਨੂੰ ਕੀ ਅਨੁਭਵ ਹੁੰਦਾ ਹੋਵੇਗਾ ਕਿ ਪਿਆਲਿਆਂ ਵਿਚ ਤਰਨ ਵਾਲੀਆਂ ਬਰਫ਼ ਦੀਆਂ ਡਲੀਆਂ ਨਹੀਂ, ਸਗੋਂ ਹਜ਼ਾਰਾਂ ਬੇਜ਼ੁਬਾਨ ਮਜ਼ਲੂਮਾਂ ਦੇ ਹੱਡਾਂ ਦੇ ਟੁਕੜੇ ਤੇ ਮਾਸ ਦੀਆਂ ਬੋਟੀਆਂ ਹਨ।

ਔਰੰਗਜ਼ੇਬ ਵਲੋਂ ਇਹ ਸੇਵਾ ਸੀ ਨਾਹਨ ਦੇ ਰਾਜੇ ਦੇ ਜ਼ਿਮੇ, ਜੋ ਬਰਫ਼ ਪਹੁੰਚਾਉਣ ਕਰਕੇ ਬਰਫ਼ੀ ਰਾਜੇ ਵਜੋਂ ਜਾਣਿਆ ਜਾਂਦਾ ਸੀ। ਇਸ ਕੰਮ ਵਿਚ ਲਗੇ ਲੋਕਾਂ ਨੂੰ ਕੀ ਮਿਲਦਾ ਸੀ ? ਨਰਕੀ ਜੀਵਨ ! ਮਰਨ ਤੱਕ ਇਹ ਗ਼ੁਲਾਮੀ ਦਾ ਜੂਲਾ ਮੋਢਿਓਂ ਨਹੀਂ ਲਥਣਾ। ਹੁਸ-ਹੁਟ ਕੇ ਮਰਿਆਂ ਤੇ ਖੱਡਾਂ ਵਿਚ ਸੁਟੇ ਗਇਆਂ ਨੂੰ ਕਿਸੇ ਕੀ ਯਾਦ, ਕਰਨਾ, ਡਰ-ਸਹਿਮ ਦੇ ਮਾਰੇ ਵਾਰਸਾਂ ਦੀ ਅੱਖ ਵੀ ਨਹੀਂ ਕਿਰੀ ਹੋਣੀ।

## ਇਸ ਖ਼ਿਦਮਤ ਦਾ ਸਿਲਾ ਰਾਜੇ ਨੂੰ ਕੀ ਮਿਲਿਆ :–

ਔਰੰਗਜ਼ੇਬ ਨੇ ਹਥੋਂ ਤਾਂ ਕੀ ਦੇਣਾ ਸੀ, ਉਲਟਾ ਵਡੇ ਭਰਾ ਦੀ ਗਦੀ ਖੋਹ ਕੇ ਛੋਟੇ ਨੂੰ ਇਸ ਸ਼ਰਤ ਤੇ ਦੇਣਾ ਚਾਹੁੰਦਾ ਸੀ ਜੇ ਉਹ ਆਪਣੇ ਧਰਮ ਨੂੰ ਤਿਲਾਂਜਲੀ ਦੇ ਕੇ ਮੁਸਲਮਾਨ ਹੋ ਜਾਵੇ। ਧਰਮ, ਰਾਜਗਦੀ ਤੇ ਭ੍ਰਾਤਰੀ ਪਿਆਰ, ਤਿੰਨਾਂ ਦਾ ਸਤਿਆਨਾਸ। ਸੇਵਾ ਦਾ ਫਲ ! ਗ਼ੁਲਾਮਾਂ ਲਈ ਇਹੋ ਜਿਹਾ ਫਲ ਹੀ ਮੱਥੇ ਦਾ ਲੇਖ ਬਣਦਾ ਹੈ।

ਬਿਰਧ ਮਾਂ ਦੀ ਮਮਤਾ ਤੜਫ਼ ਉਠੀ। ਭੂਪ ਪ੍ਰਕਾਸ਼ ਦੀ ਮਾਤਾ, ਜੋ ਕਾਫ਼ੀ ਵਿਰਧ ਉਮਰ ਦੀ ਔਰਤ ਸੀ, ਨੇ ੩੦ ਮੁਅਤਬਰ ਤੇ ਸਿਆਣੇ ਪਹਾੜੀ ਅਮੀਰ ਭੂਪ ਪ੍ਰਕਾਸ਼ ਦੇ ਪਿਛੇ ਤੋਰੇ, ਜੋ ਜਾ ਕੇ ਪਾਤਸ਼ਾਹ ਦੀ ਮਿੰਨਤਾਂ ਸਮਾਜਤ ਕਰ ਕੇ ਉਸ ਦੇ ਪੁਤ ਨੂੰ ਰਿਹਾ ਕਰਵਾ ਕੇ ਲਿਆਉਣ। ਪਾਤਸ਼ਾਹ ਦੇ ਹਜ਼ੂਰ ਇਨ੍ਹਾਂ ਆਪਣੀਆਂ ਮਿੰਨਤਾਂ ਦੇ ਨਾਲ ਬੁਢੀ ਰਾਜ-ਮਾਤਾ ਦੀਆਂ ਲਿਲਕਣੀਆਂ ਵਰਣਨ ਕਰਕੇ ਆਪਣਾ ਮੁੱਦਾਅ ਜ਼ਾਹਰ ਕੀਤਾ। ਪਾਤਸ਼ਾਹ ਬੜਾ ਕ੍ਰੋਧ ਵਿਚ ਸੀ। ਪਿਛਲੀਆਂ ਖ਼ਿਦਮਤਾਂ ਸਿਰਿਓਂ ਭੁਲਾ ਦਿਤੀਆਂ। ਭੂਪ ਪ੍ਰਕਾਸ਼ ਨੂੰ ਗੁਲਾਬ ਸਿੰਘ ਬਖ਼ਸ਼ੀ ਨਾਲ ਉਸ ਪਿੰਜਰੇ ਵਿਚ ਬੰਦ ਕਰਕੇ ਦਿਲੀ ਨੂੰ ਰਵਾਨਾ ਕੀਤਾ, ਜਿਥੇ ਇਹ ਗੁਲਾਬ ਸਿੰਘ ਦੇ ਨਾਲ ਹੀ ਕਤਲ ਕੀਤਾ ਗਿਆ। ਜੋ ੩੦ ਪਤਵੰਤੇ ਆਏ ਸਨ, ਉਨ੍ਹਾਂ ਦੀ ਫ਼ਰਿਆਦ ਸੁਣ ਕੇ ਪਾਤਸ਼ਾਹ ਨੇ ਆਪਣੇ ਕੈਂਪ ਵਿਖੇ ਉਸੇ ਦਿਨ ਹੀ ਕਤਲ ਕਰਵਾ ਦਿਤੇ।

ਰਾਜ-ਮਾਤਾ ਨੇ ਮੁਗ਼ਲ ਰਾਜ ਪ੍ਰਤੀ ਆਪਣੀ ਨੇਕ-ਨੀਅਤੀ ਤੇ ਵਫ਼ਾਦਾਰੀ ਸਾਬਤ ਕਰਨ ਲਈ ਕੁਝ ਸਿਖ ਫੜ ਕੇ, ਕਤਲ ਕਰਵਾ ਕੇ ਉਨ੍ਹਾਂ ਦੇ ਸਿਰ ਬਾਦਸ਼ਾਹ ਦੀ ਸੇਵਾ ਵਿਚ ਭੇਜੇ, ਤਾਕਿ ਉਸ ਦਾ ਦਿਲ ਪਸੀਜੇ ਤੇ ਭੂਪ ਪ੍ਰਕਾਸ਼ ਨੂੰ ਛਡ ਦੇਵੇ, ਪਰ ਇਹ ਆਸ ਪੂਰੀ ਨਾ ਹੋਈ। ਮਾਤਾ ਨੂੰ ਜਦ ਭੂਪ ਪ੍ਰਕਾਸ਼ ਦੇ ਅੰਤ ਦਾ ਪਤਾ ਚਲਿਆ ਤਾਂ ਸਹਾਰ ਨਾ ਸਕੀ ਅਤੇ ਗ਼ਮ ਨਾਲ ਹੀ ਮਰ ਗਈ। ਪਰ ਬਰਫ਼ ਫਿਰ ਵੀ ਉਸੇ ਤਰ੍ਹਾਂ ਪਹੁੰਚਦੀ ਰਹੀ। ਕਿਉਂ ? ਗੁਲਾਮੀ ਦੀਆਂ ਛੱਟਾਂ ਅਣਖ ਤੇ ਬਾਹੂ-ਬਲ ਨਾਲ ਮਰਦ ਲਾਹ ਪਰ੍ਹਾਂ ਸੁਟਦੇ ਹਨ। ਖ਼ੈਰਾਤ ਵਿਚ ਨਹੀਂ ਲਥਦੀਆਂ।

ਇਹ ਹੈ ਉਸ **ਬਰਫ਼ੀ ਰਾਜੇ** ਦੀ ਦਾਸਤਾਂਨ ਕਿ ਕਿਸਤਰ੍ਹਾਂ ਆਪਣੇ ਪੁਰਖਿਆਂ ਵਾਂਗ ਉਹ ਮੁਗ਼ਲ ਰਾਜ ਦੀ ਬੇਗਾਰ ਵਰਗੀ ਸੇਵਾ ਕਰਿਆ ਕਰਦਾ ਸੀ। ਇਸ ਸੇਵਾ ਤੇ ਵਫ਼ਾਦਾਰੀ ਦਾ ਉਸ ਨੂੰ ਕੀ ਸਿਲਾ ਮਿਲਿਆ, ਉਹ ਸਾਮ੍ਹਣੇ ਹੈ। ਬਾਦਸ਼ਾਹ ਨੇ ਰਤਾ ਮਾਸਾ ਨਹੀਂ ਸੋਚਿਆ ਕਿ ਜਿਸ ਬੀਰ ਬਹਾਦਰ ਨੂੰ ਤੇਰੀ ੬੦ ਹਜ਼ਾਰ ਫ਼ੌਜ ਨਹੀਂ ਫੜ ਸਕੀ, ਐਨੇ ਬਾਨ੍ਹਣੂੰ ਬੰਨ੍ਹੇ ਕਿਸੇ ਕੰਮ ਨਹੀਂ ਆਏ, ਭਲਾ ਉਸ ਨੂੰ ਇਹ ਮਾੜੂਆ ਜਿਹਾ ਰਾਜਾ ਕਿਵੇਂ ਫੜ ਲੈਂਦਾ ! ਬਟੇਰੇ ਫੜਨ ਵਾਲੇ ਜਾਲਾਂ ਨਾਲ ਅੱਜ ਤੀਕ ਕੋਈ ਚਿਤਰਿਆ ਤੇ ਸ਼ੇਰਾਂ ਨੂੰ ਨਹੀਂ ਫੜ ਸਕਿਆ।


www.AKJ.Org

## 'ਸੂਰਾ ਜੁਲਾਈ ਵਿਚ ਇਸੇ ਲੇਖ ਦੀ ੯ਵੀਂ ਕਿਸ਼ਤ ਵਿਚ ਛਪੀਆਂ ਕੁਝ ਸੋਧਾਂ

ਸਫ਼ਾ ੩੨, ਹੇਠੋਂ ਛੇਵੀਂ ਸਤਰ–ਇਸ 'ਯੁਗ' ਵਿਚ ਦੀ ਥਾਂ ਇਸ 'ਜੁਧ' ਵਿਚ ਜੋ ਸ਼ਹੀਦੀਆਂ......

ਸਫ਼ਾ ੩੬, ਉਪਰੋਂ ੧੩ਵੀਂ ਸਤਰ–ਇਕ ਹਲਦੀ ਦੇ ਸੁੱਕੇ ਰੁਖ ਦੀ ਥਾਂ ਇਕ **ਇਮਲੀ** ਦੇ ਸੁੱਕੇ ਰੁਖ ਦੇ ਤਣੇ ਵਿਚ ..

ਸਫ਼ਾ ੩੪, ਹੇਠੋਂ ਪੰਜਵੀਂ ਸਤਰ–ਸਹੀ ਵਾਕ ਹੈ–ਸਿਖ ਜੀਅ ਤੋੜ ਕੇ ਲੜਿਆ, ਪਰ ਗ਼ਾਜ਼ੀਆਂ ਦੀਆਂ ਤਲਵਾਰਾਂ ਨੇ ਕਟ ਕੇ ਧਰ ਦਿਤਾ।

ਸਫ਼ਾ ੩੪ ਦੇ ਇਸ ਵਾਕ ਦੀ ਪੜਚੋਲ ਕਰਦਿਆਂ ਲੇਖਕ ਜੀ ਲਿਖਦੇ ਹਨ–ਇਸ ਹਵਾਲੇ ਦਾ ਲਿਖਾਰੀ ਕਾਮਵਰ ਖ਼ਾਨ ਇਕ ਮੁਸਲਮਾਨ ਹੈ। ਉਹ ਇਸ ਲੜਾਈ ਵਿਚ ਸ਼ਾਮਲ, ਸਭ ਕੁਝ ਅਖੀਂ ਵੇਖਦਾ ਹੈ ਕਿ ਇਕ ਇਕ ਸਿਖ ਮੋਰਚੇ ਚੋਂ ਲਲਕਾਰੇ ਮਾਰਦਾ ਹੋਇਆ ਬਾਹਰ ਨਿਕਲ ਆਇਆ ਅਤੇ ਆਪਣੇ ਨਾਲੋਂ ਕਈ ਗੁਣਾ ਵਡੀ ਗਿਣਤੀ ਵਾਲੇ ਗ਼ਾਜ਼ੀਆਂ ਦੇ ਲਸ਼ਕਰ ਦੇ ਗਲ ਪੈ ਗਿਆ। ਖ਼ੂਬ ਮਰਦਾਨਾ-ਵਾਰ ਲੜਿਆ ਤਾਂ ਹੀ ਤਾਂ ਏਡੇ ਵਡੇ ਸ਼ਾਹੀ ਲਸ਼ਕਰ ਨੂੰ ਐਨੀ ਦੇਰ ਤਕ ਪਰੇ ਧੱਕੀ ਰਖਿਆ। ਲਿਖਾਰੀ ਸਿੰਘਾਂ ਦੀ ਤੇਗ਼ ਚਲਦੀ ਵੇਖ ਕੇ, ਉਨ੍ਹਾਂ ਵਲੋਂ ਸਿਰ ਤਲੀ ਤੇ ਧਰ ਕੇ ਲੜਨ ਦੀ ਸਪਿਰਟ ਨੂੰ ਤਕਦਾ ਹੈ, ਧੁਰ ਅੰਦਰੋਂ ਅੱਸ਼ ਅਸ਼ ਕਰਦਾ ਹੈ, ਪਰ ਪੱਲੇ ਏਨਾ ਈਮਾਨ ਤੇ ਜੁਰਅਤ ਨਹੀਂ ਕਿ ਸੱਚੋ ਸੱਚ ਲਿਖੇ। ਆਪਣੇ ਕੌਮੀ ਭਰਾਵਾਂ ਨੂੰ ਕਿਵੇਂ ਛੁਟਿਆਵੇ, ਉਸ ਨੂੰ ਮਾਰ ਪੈਂਦੀ ਕਿਵੇਂ ਸਹੀ ਸਹੀ ਲਿਖੇ? ੬੦-੭੦ ਦਾ ਗ੍ਰੋਹ ਜੇ ਦੋ ਚਾਰ ਨੂੰ ਘੇਰੇ ਵਿਚ ਲੈ ਕੇ ਮਾਰਨ ਦੇ ਯਤਨ ਕਰਦਾ ਹੈ ਤੇ ਉਹ ਦੋ ਚਾਰ ਮਰਨ ਤੋਂ ਪਹਿਲਾਂ ਕਈਆਂ ਨੂੰ ਧੁਰ ਦਰਗਾਹ ਪਹੁੰਚਾ ਦੇਂਦੇ ਹਨ ਤੇ ਅਨੇਕਾਂ ਨੂੰ ਘਾਇਲ ਕਰ ਕੇ ਸੁਟ ਦੇਂਦੇ ਹਨ, ਅਤੇ ਆਪ ਵੀ ਪੁਰਜ਼ਾ ਪੁਰਜ਼ਾ ਹੋ ਕੇ ਕਟ ਮਰਦੇ ਹਨ ਤਾਂ ਨਿਰਪੱਖ ਚਸ਼ਮ-ਦੀਦ ਗੁਆਹ ਇਨ੍ਹਾਂ ਨੂੰ ਹੀ ਆਫ਼ਰੀਨ ਆਫ਼ਰੀਨ ਕਹੇਗਾ, ਨਾ ਕਿ ਦੂਜੀ ਬਹੁ-ਗਿਣਤੀ ਨੂੰ। ਲਿਖਦਾ ਹੈ–"........ਬੜੀ ਸਖ਼ਤ ਦੁਵਲੀ ਤਲਵਾਰ ਚਲੀ। ਬੜਾ ਵਡਾ ਮਾਅਰਕਾ ਪੇਸ਼ ਆਇਆ। ਸਿਖ ਜੀਅ ਤੋੜ ਕੇ ਲੜਿਆ, ਪਰ ਗਾਜ਼ੀਆਂ ਦੀਆਂ ਤਲਵਾਰਾਂ ਨੇ ਕਟ ਕੇ ਧਰ ਦਿਤਾ।"

'ਦੁਵੱਲੀ ਸਖ਼ਤ ਤਲਵਾਰ ਚਲੀ' ਦਾ ਅਰਥ ਹੈ ਕਿ ਦੋਵੇਂ ਧਿਰਾਂ ਹੀ ਸਖ਼ਤ ਹਨ, ਤਾਂ ਹੀ ਸਖ਼ਤ ਦੁਪਾਸੜ ਤਲਵਾਰ ਚੱਲੂ। 'ਬੜਾ ਵਡਾ ਮਾਅਰਕਾ ਪੇਸ਼ ਆਉਣ' ਦਾ ਵੀ ਅਰਥ ਹੈ ਕਿ ਸਿੰਘਾਂ ਨੇ ਪੋਟਿਆਂ ਤੇ ਗਿਣੇ ਜਾਣ ਦੀ ਗਿਣਤੀ ਵਿਚ ਹੁੰਦਿਆਂ ਗਾਜ਼ੀਆਂ ਦੇ ਬੜੀ ਦੇਰ ਤਕ ਦੰਦ ਖੱਟੇ ਕਰ ਛੱਡੇ। ਜ਼ਮੀਨ ਤੇ ਡਿਗੇ ਹੋਣਗੇ, ਪਰ ਕਈ ਨੂੰ ਮੌਤ ਦੇ ਰਾਹੇ ਪਾ ਕੇ, ਬੜੀ ਦੇਰ ਤਕ ਮੌਤ ਦੀ ਖ਼ੂਨੀ ਖੇਡ ਖੇਡੀ ਜਾ ਰਹੀ ਹੋਵੇਗੀ, ਤਾਂ ਹੀ ਵਡਾ ਮਾਅਰਕਾ ਬਣਿਆ। ਪਰ ਸਿੱਖਾਂ ਵਲੋਂ ਮਾਅਰਕੇ ਦੇ ਰੂਪ ਵਿਚ ਕੀਤੇ ਮੁਆਜਜ਼ੇ ਨੂੰ ਲਿਖਾਰੀ ਸੱਚ ਸੱਚ ਲਿਖਣ ਬੋਲਣ ਦੀ ਸਚਾਈ ਨੂੰ ਛੁਪਾਉਂਦਾ ਹੋਇਆ, ਦੀਨੀ ਭਰਾਵਾਂ ਦੀ ਸਾਧਾਰਨ ਜਿਹੀ ਕਾਰਵਾਈ ਨੂੰ ਉਛਾਲਦਾ ਹੈ, ਬਹੁਤ ਉਜਾਗਰ ਕਰਦਾ ਹੈ–"ਗਾਜ਼ੀਆਂ ਦੀਆਂ ਤਲਵਾਰਾਂ ਨੇ ਕਟ ਕੇ ਧਰ ਦਿਤਾ।" ਲਿਖਾਰੀ ਨੇ ਸਾਬਤ ਕਰਨ ਦਾ ਜਤਨ ਕੀਤਾ ਹੈ ਸਿਖ ਗਾਜ਼ੀਆਂ ਦੇ ਤੁਲ ਹੀ ਨਹੀਂ ਸਨ, ਗਾਜ਼ੀਆਂ ਐਵੇਂ ਫੜਿਆ ਤੇ ਕਟ-ਵਢ ਕੇ ਰਖ ਦਿਤਾ, ਜਿਵੇਂ ਕੋਈ ਕੀੜੇ ਮਕੌੜੇ ਮਾਰ ਕੇ ਰਖ ਦੇਵੇ। ਪਰ ਸੱਚ ਆਪੇ ਫੁਟ ਪਿਆ–ਬੜੀ ਸਖ਼ਤ ਦੁਵੱਲੀ ਤਲਵਾਰ ਤੇ ਬੜਾ ਵਡਾ ਮਾਅਰਕਾ ਜਿਸ ਸਚਾਈ ਦਾ ਲਖਾਇਕ ਹੈ, ਆਪ ਜੀ ਨੂੰ ਸਪਸ਼ਟ ਹੈ।

---


## 'ਸੂਰਾ' ਸੰਬੰਧੀ ਜਾਣਕਾਰੀ ਲਈ ਫ਼ੋਨ ਨੰਬਰ ਦੀ ਬਦਲੀ

**ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, ਫ਼ੋਨ ਦੁਕਾਨ 45787, ਘਰ 52206**

# ਧਉਲੁ ਧਰਮੁ ਦਇਆ ਕਾ ਪੂਤੁ

[ਪ੍ਰੋਫ਼ੈਸਰ ਪਿਆਰਾ ਸਿੰਘ ਜੀ ਪਦਮ]

ਧਰਮ ਜੀਵਨ ਦੀ ਸੁਚੱਜੀ ਰਹਿਣੀ ਬਹਿਣੀ ਹੈ । ਇਹ ਕੋਈ ਕਿਤਾਬਾਂ ਗ੍ਰੰਥਾਂ ਦੀ ਚੀਜ਼ ਨਹੀਂ ਤੇ ਨਾ ਹੀ ਕਿਸੇ ਕਰਮਕਾਂਡ ਜਾਂ ਭੇਖ-ਦਿਖਾਵੇ ਦੀ। ਇਹ ਤਾਂ ਜ਼ਿੰਦਗੀ ਜੀਊਣ ਦਾ ਵਧੀਆ ਸਲੀਕਾ ਹੈ, ਸਿਸ਼ਟਾਚਾਰ, ਸੱਚ ਦਾ ਵਿਉਹਾਰ ਹੈ । ਗੁਰੂ ਨਾਨਕ ਸਾਹਿਬ ਨੇ ਇਸ ਦਾ ਬੜਾ ਸੰਖਿਪਤ ਪਰ ਸੰਪੂਰਣ ਲੱਛਣ ਇਹ ਕੀਤਾ ਹੈ-ਸੱਚ ਵਿਚ ਪੱਕੀ ਤਰ੍ਹਾਂ ਨਿਸਚਾ :–

ਏਕੋ ਧਰਮੁ ਦ੍ਰਿੜੈ ਸਚੁ ਕੋਈ ॥੪॥੩॥ [ਬਸੰਤੁ ਮ: ੧, ਪੰਨਾ ੧੧੮੮

ਹੁਣ ਸਵਾਲ ਇਹ ਹੈ ਕਿ ਸਚਾਈ ਦੀ ਉਹ ਨਿਸ਼ਠਾ ਕਿਸ ਪ੍ਰਕਾਰ ਦੀ ਹੈ, ਜਿਸ ਨੂੰ ਧਰਮ ਮੰਨਿਆ ਜਾਵੇ । ਇਸ ਦਾ ਉਤਰ ਜਪੁ ਜੀ ਵਿਚ ਇਹ ਕਹਿ ਕੇ ਦਿਤਾ ਗਿਆ ਹੈ ਕਿ ਧੌਲ਼ ਧਰਮ ਦਇਆ ਮਾਈ ਦਾ ਪੁੱਤਰ ਹੈ। ਦੂਜੇ ਸ਼ਬਦਾਂ ਵਿਚ ਧਾਰਮਕ ਭਾਵਨਾ ਦੀ ਉਤਪਤੀ ਦਇਆ ਤੋਂ ਹੁੰਦੀ ਹੈ । ਇਹ ਹੀ ਐਸਾ ਮਹਾਨ ਦੈਵੀ ਗੁਣ ਹੈ ਜਿਸ ਤੋਂ ਸੁਹਿਰਦਤਾ, ਸੁਸ਼ੀਲਤਾ, ਸਨੇਹ, ਪ੍ਰੇਮ, ਰਵਾਦਾਰੀ ਤੇ ਮੇਲ-ਮਿਲਾਪ ਦਾ ਜਜ਼ਬਾ ਉਤਪੰਨ ਹੁੰਦਾ ਹੈ, ਤੇ ਮਨੁੱਖ ਦੂਜੇ ਸਾਥੀ ਮਨੁੱਖਾਂ ਨਾਲ ਸੁਹਿਰਦ ਵਰਤੋਂ ਕਰਨ ਲਈ ਤਤਪਰ ਹੁੰਦਾ ਹੈ । ਇਸ ਕਰਕੇ ਮਹਾਭਾਰਤ (੫-੫-੫੭) ਕਹਿੰਦਾ ਹੈ, ਉਹ ਗੱਲ ਦੂਜਿਆਂ ਨਾਲ ਨ ਕਰੋ ਜਿਸ ਨਾਲ ਤੁਸੀਂ ਖ਼ੁਦ ਖੇਦ ਅਨੁਭਵ ਕਰੋ। ਕਨਫ਼ਯੂਸਿਸ ਨੇ ਇਹੋ ਕਿਹਾ ਸੀ ਕਿ ਅਜਿਹੀ ਗੱਲ ਦੂਜੇ ਨਾਲ ਨਾ ਹੀ ਕਰੋ ਜੋ ਤੁਹਾਨੂੰ ਆਪਣੇ ਲਈ ਪਸੰਦ ਨਹੀਂ । ਇਸਲਾਮ ਅਨੁਸਾਰ ਉਹ ਮੋਮਨ ਨਹੀਂ ਜੋ ਸਾਥੀ ਲਈ ਉਹੋ ਕੁਝ ਨਹੀਂ ਚਾਹੁੰਦਾ ਜੋ ਆਪਣੇ ਲਈ ਚਾਹੁੰਦਾ ਹੈ । ਗੁਰਵਾਕ ਹੈ–

ਪਰ ਕਾ ਬੁਰਾ ਨ ਰਾਖਹੁ ਚੀਤ ॥ ਤੁਮ ਕਉ ਦੁਖੁ ਨਹੀ ਭਾਈ ਮੀਤ ॥੩॥੬੩॥

[ਆਸਾ ਮ: ੫, ਪੰਨਾ ੩੮੬

ਜਾਂ–ਦੂਖੁ ਨ ਦੇਈ ਕਿਸੈ ਜੀਅ, ਪਤਿ ਸਿਉ ਘਰਿ ਜਾਵਉ ॥੧੭॥ [ਵਾਰ ਗਉੜੀ ਮ: ੫–੩੨੨

ਇਕ ਪੰਜਾਬੀ ਅਖਾਣ ਹੈ–'ਮਾਂ ਪਰ ਪੂਤ ਪਿਤਾ ਪਰ ਘੋੜਾ । ਬਹੁਤਾ ਨਹੀਂ ਤਾਂ ਥੋੜਾ ਥੋੜਾ ।' ਇਸ ਦਾ ਭਾਵ-ਅਰਥ ਇਹੋ ਹੈ ਕਿ ਬੱਚੇ ਦੀ ਨੁਹਾਰ ਆਮ ਤੌਰ ਤੇ ਮਾਂ ਉਤੇ ਜਾਂਦੀ ਹੈ । ਦੂਜੇ ਸ਼ਬਦਾਂ ਵਿਚ ਧਰਮ ਕਰਮ ਤਾਂ ਹੀ ਸੁਹਾਵਣਾ ਤੇ ਮਨ-ਭਾਵਣਾ ਹੈ ਜੇ ਮਾਤਾ 'ਦਇਆ' ਦਾ ਅਨੁਸਾਰੀ ਹੋਵੇ ।

ਬਹੁਤ ਸਾਰੇ ਧਰਮ-ਗ੍ਰੰਥਾਂ ਵਿਚ ਦਇਆ-ਭਾਵ ਨੂੰ ਧਰਮ ਦਾ ਮੁੱਢ ਦਸਿਆ ਗਿਆ ਹੈ, ਗੁਰੂ ਨਾਨਕ ਸਾਹਿਬ ਅੱਜ ਤੋਂ ਪੰਜ ਸੌ ਵਰ੍ਹਾ ਪਹਿਲਾਂ ਇਹ ਆਪਣਾ ਅਨੁਭਵ ਦੱਸ ਗਏ ਹਨ ਕਿ ਧਰਮ ਦੀ ਬੁਨਿਆਦ ਹੀ ਦਇਆ ਹੈ। ਜਿਸ ਮਨੁੱਖ ਦੇ ਅੰਦਰ ਦਇਆ ਨਹੀਂ, ਉਹ ਧਰਮੀ ਨਹੀਂ ਹੋ ਸਕਦਾ । ਇਸੇ ਕਰਕੇ ਸਤਿਗੁਰਾਂ ਆਪਣੇ ਉਪਦੇਸ਼ਾਂ ਵਿਚ ਬਾਰ ਬਾਰ ਇਸ ਗੁਣ ਦੀ ਵਡਿਆਈ ਉਜਾਗਰ ਕੀਤੀ । ਜਦੋਂ ਉਨ੍ਹਾਂ ਨੇ ਪੰਡਤ ਨੂੰ ਵਧੀਆ ਅਮਰ ਜਨੇਊ ਧਾਰਨ ਦੀ ਸਿਖਿਆ ਦਿਤੀ ਤਾਂ ਉਸ ਵਿਚ ਵੀ ਦਇਆ ਨੂੰ ਪ੍ਰਮੁੱਖ ਰਖਿਆ ਗਿਆ ਹੈ–

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ, ਹਈ ਤ ਪਾਡੇ ਘਤੁ ॥੧॥੧੫॥ [ਵਾਰ ਆਸਾ–੪੭੧

ਫਿਰ ਜਾਂ ਉਨ੍ਹਾਂ ਨੇ ਕਿਸੇ ਮੁਸਲਮਾਨ ਨੂੰ ਸੱਚਾ ਮੋਮਨ ਬਣਨ ਦੀ ਤਾਕੀਦ ਕੀਤੀ ਤਾਂ ਵੀ ਇਹੋ ਕਿਹਾ–

ਮੁਸਲਮਾਣੁ ਮੋਮ ਦਿਲਿ ਹੋਵੈ ॥ ਅੰਤਰ ਕੀ ਮਲੁ ਦਿਲ ਤੇ ਧੋਵੈ ॥੧੩॥

[ਮਾਰੂ ਸੋਲਹੇ ਮ: ੫, ਪੰਨਾ ੧੦੮੪

ਜਾਂ–ਮਿਹਰ ਮਸੀਤਿ, ਸਿਦਕੁ ਮੁਸਲਾ, ਹਕੁ ਹਲਾਲੁ ਕੁਰਾਣੁ ॥
ਸਰਮ ਸੁੰਨਤਿ, ਸੀਲੁ ਰੋਜਾ, ਹੋਹੁ ਮੁਸਲਮਾਣੁ ॥੧੭॥ [ਵਾਰ ਮਾਝ ਮ: ੧, ਪੰਨਾ ੧੪੦


www.AKJ.Org

ਪਰਮ ਸੱਚ ਦੀ ਪਛਾਣ ਦਾ ਤਰੀਕਾ ਵੀ ਇਹੋ ਸੁਝਾਇਆ ਗਿਆ ਹੈ ਕਿ ਗੁਰੂ ਦੀ ਸਿਖਿਆ ਦੁਆਰਾ ਦਇਆ ਧਰਮ ਉਤੇ ਪੱਕਾ ਪਹਿਰਾ ਦਿਤਾ ਜਾਵੇ ਤੇ ਆਪਣੇ ਵਲੋਂ ਕੁਝ ਨ ਕੁਝ ਅਰਪਣ ਕੀਤਾ ਜਾਵੇ–

ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥
ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥੨॥੧੦॥ [ਵਾਰ ਆਸਾ, ਮ: ੧

ਉਂਜ ਜੇ ਅਮਲੀ ਤੌਰ ਤੇ ਦੇਖੀਏ ਤਾਂ ਧਰਮ ਦਾ ਅਰੰਭ ਇਥੋਂ ਹੁੰਦਾ ਹੈ ਕਿ ਅਸਾਂ ਦੂਜਿਆਂ ਪ੍ਰਤੀ ਕੇਹਾ ਰਵੱਈਆ ਧਾਰਨ ਕਰਨਾ ਹੈ। ਆਪਣੇ ਆਪ ਵਿਚ ਅਸੀਂ ਕੁਝ ਹੋਈਏ, ਉਸ ਦਾ ਕੋਈ ਬਾਹਲਾ ਫਰਕ ਨਹੀਂ, ਅੱਸਲ ਧਾਰਮਕ ਭਾਵਨਾ ਇਥੇ ਜ਼ਾਹਰ ਹੁੰਦੀ ਹੈ ਕਿ ਅਸੀਂ ਦੂਜਿਆਂ ਨਾਲ ਕੇਹੀ ਦਇਆ ਭਾਵਨਾ, ਮਿਹਰਬਾਨੀ ਜਾਂ ਸੁਹਿਰਦਤਾ ਵਾਲਾ ਵਰਤਾਉ ਕਰਦੇ ਹਾਂ।

ਸੋ 'ਦਇਆ' ਗੁਣ ਸਭ ਤੋਂ ਸ੍ਰੇਸ਼ਟ ਹੈ, ਜਿਸ ਨੇ ਮਨੁੱਖ ਨੂੰ ਸਭਿਆਚਾਰ ਦੀ ਸਿਖਰ ਤੇ ਪਹੁੰਚਾਇਆ। ਇਸ ਨੂੰ ਪੁਰਾਣੇ ਵਿਦਵਾਨਾਂ ਨੇ ਵੀ ਧਰਮ ਦਾ ਲਾਜ਼ਮੀ ਅੰਗ ਦਸਿਆ ਹੈ।

ਮਹਾਤਮਾ ਬੁੱਧ ਤੇ ਮਹਾਂਬੀਰ ਵਰਧਮਾਨ ਨੇ ਅਹਿੰਸਾ ਨੂੰ 'ਪਰਮ ਧਰਮ' ਕਿਹਾ ਸੀ। ਲੇਕਿਨ ਅਹਿੰਸਾ ਇਕ ਨਕਾਰਾਤਮਕ ਸੰਕਲਪ ਹੈ, ਇਸ ਦੇ ਮੁਕਾਬਲੇ ਉਤੇ ਦਇਆ ਇਕ ਉਸਾਰੂ ਪੁੰਨ-ਕਰਤੱਵ ਹੈ, ਜਿਸ ਦਾ ਭਾਵ ਹੈ ਹਰ ਇਕ ਨਾਲ ਰਹਿਮ-ਦਿਲੀ ਵਾਲਾ ਵਰਤਾਉ ਕਰਨਾ, ਹਰ ਇਕ ਦੇ ਕੰਮ ਆਉਣਾ। ਜਿਸ ਵਿਚ ਸੁਹਿਰਦ ਭਾਵਨਾ ਨਹੀਂ, ਉਹ ਅਜਿਹੀ ਮੇਹਰਵਾਨੀ ਜਾਂ ਰਹਿਮਦਿਲੀ ਕਰ ਹੀ ਨਹੀਂ ਸਕਦਾ। ਇਕ ਗੱਲ ਹੋਰ ਵੀ ਧਾਰਮਿਕ ਦੁਨੀਆ ਵਿਚ ਸਵੀਕਾਰ ਕੀਤੀ ਗਈ ਹੈ ਕਿ ਮਨੁੱਖ ਕਰਮਾਂ ਦੇ ਲੇਖਿਆਂ ਨਾਲ ਛੁਟਕਾਰਾ ਨਹੀਂ ਪਾ ਸਕਦਾ, ਇਹ ਤਾਂ ਉਸ ਦੀ ਕਿਰਪਾ ਦਇਆ ਹੀ ਹੈ ਜੋ ਇਸ ਦੇ ਬੰਧਨ ਕਟ ਸਕਦੀ ਹੈ–

ਨਦਰੀ ਕਰਮਿ ਪਵੈ ਨੀਸਾਣੁ ॥......੩੪॥
ਜਿਸ ਕਉ ਨਦਰਿ ਕਰਮੁ ਤਿਨ ਕਾਰ ॥ ਨਾਨਕ ਨਦਰੀ ਨਦਰਿ ਨਿਹਾਲ ॥੩੮॥ [ਜਪੁਜੀ

ਜਾਂ 'ਨਦਰੀ ਮੋਖ ਦੁਆਰ' ਵਿਚ ਇਸੇ ਨਦਰਿ ਕਰਮ ਅਥਵਾ ਬਖ਼ਸ਼ਿਸ਼ ਦੀ ਚਰਚਾ ਹੈ। ਇਹ ਸੱਚਾਈ ਹੈ ਕਿ ਉਸ ਦੀ ਮਿਹਰ, ਕਹਿਰ ਟਾਲ ਸਕਦੀ ਹੈ, ਕਰਮ-ਯੋਗ ਜਾਂ ਗਿਆਨ-ਯੋਗ ਇਥੇ ਕਾਰਾਮਦ ਨਹੀਂ ਹੁੰਦੇ।

ਸੋ ਦਇਆ-ਭਾਵ ਬਹੁਤ ਵੱਡਾ ਦੈਵੀ ਗੁਣ ਹੈ, ਜੋ ਮਨੁੱਖ ਨੂੰ ਆਪਣੇ ਮਾਲਕ ਦੇ ਪ੍ਰਭਾਵ ਸਦਕਾ ਹੀ ਪ੍ਰਾਪਤ ਹੋਇਆ ਹੈ, ਕਿਉਂਕਿ ਉਹ ਆਪ ਵੀ ਦਇਆਨਿਧਿ, ਦਇਆ-ਸਾਗਰ ਜਾਂ ਦਿਆਲੂ ਹੈ, ਇਸੇ ਕਰਕੇ ਧਰਮ-ਗ੍ਰੰਥਾਂ ਵਿਚ ਪਰਮੇਸ਼ਰ ਨੂੰ ਦਿਆਲੂ, ਕਿਰਪਾਲੂ, ਮਿਹਰਵਾਨ, ਰਹੀਮ, ਕਰੀਮ ਜਾਂ ਰਹਿਮਾਨੁਲ ਰਹਿਮ ਆਦਿ ਕਹਿ ਕੇ ਸਲਾਹਿਆ ਗਿਆ ਹੈ। ਗੁਰ ਵਾਕ–

ਦਇਆ ਕਰਣੰ ਦੁਖ ਹਰਣੰ .....ਦਇਆਲ ਪੁਰਖ ਭਗਵਾਨਹ......॥੧॥੧੮॥ [ਵਾਰ ਜੈਤਸਰੀ
ਕ੍ਰਿਪਾ ਨਿਧਿ ਬਸਹੁ ਰਿਦੈ ਹਰਿ ਨੀਤ ॥ਰਹਾਉ॥ [ਟੋਡੀ ਮ: ੫, ਪੰਨਾ ੭੧੨
ਮਿਹਰਵਾਨੁ ਸਾਹਿਬੁ ਮਿਹਰਵਾਨੁ ॥ ਜੀਅ ਸਗਲ ਕਉ ਦੇਇ ਦਾਨੁ ॥ਰਹਾਉ॥ [ਪੰਨਾ ੭੨੪

ਗੁਰੂ ਗੋਬਿੰਦ ਸਿੰਘ ਸਾਹਿਬ ਫੁਰਮਾਉਂਦੇ ਹਨ–

ਦੀਨਨ ਕੀ ਪ੍ਰਤਿਪਾਲ ਕਰੈ ਨਿਤ ਸੰਤ ਉਬਾਰ ਗਨੀਮਨ ਗਾਰੈ ॥
ਪੱਛ ਪਸੂ ਨਗ ਨਾਗ ਨਰਾਧਿਪ ਸਰਬ ਸਮੈ ਸਭ ਕੋ ਪ੍ਰਤਿਪਾਰੈ ॥
ਪੋਖਤ ਹੈ ਜਲ ਮੈ ਥਲ ਮੈ ਪਲ ਮੈ ਕਲਿ ਕੇ ਨਹੀਂ ਕਰਮ ਬਿਚਾਰੈ ॥
ਦੀਨ ਦਇਆਲ ਦਇਆ ਨਿਧਿ ਦੋਖਨ ਦੇਖਤ ਹੈ ਪਰ ਦੇਤ ਨ ਹਾਰੈ ॥੧॥ [ਤ੍ਵਪ੍ਰਸਾਦਿ ਸਵੱਯੇ

ਔਰੰਗਜ਼ੇਬ ਵਰਗੇ ਸ਼ਕਤੀਸ਼ਾਲੀ ਜਾਬਰ ਬਾਦਸ਼ਾਹ ਨੂੰ ਸੰਬੋਧਨ ਕਰਦਿਆਂ ਗੁਰੂ ਸਾਹਿਬ ਜ਼ਫ਼ਰਨਾਮੇ ਵਿਚ ਵੀ ਉਸ ਪ੍ਰਭੂ ਨੂੰ ਸ਼ਕਤੀਆਂ ਦਾ ਸਿਖਰ ਤੇ ਮਿਹਰ ਦਾ ਮਾਲਕ ਦਸਦੇ ਹਨ–

ਕਮਾਲੇ ਕਰਾਮਾਤ ਕਾਇਮ ਕਰੀਮ ॥ ਰਜ਼ਾ-ਬਖ਼ਸ਼ ਰਾਜ਼ਿਕ ਰਿਹਾਕੁਨ ਰਹੀਮ ॥੧॥


www.AKJ.Org

[ਵਾਹਿਗੁਰੂ ਅਲੌਕਿਕ ਸ਼ਕਤੀਆਂ ਦਾ ਸਿਖਰ, ਸਦਾ ਕਾਇਮ ਰਹਿਣ ਵਾਲਾ ਤੇ ਕਿਰਪਾਲੂ ਹੈ, ਖ਼ੁਸ਼ੀਆਂ ਦੇਣ ਵਾਲਾ, ਰਿਜ਼ਕ-ਦਾਤਾ, ਮੁਕਤੀ-ਦਾਤਾ ਤੇ ਰਹਿਮ ਕਰਨ ਵਾਲਾ ਹੈ।]

ਸੋ, ਜੇ ਮਨੁੱਖ ਰਾਮ ਦੀ ਅੰਸ਼ ਹੈ ਤੇ ਇਹ ਰੱਬ ਜਾਂ ਰਾਮ ਰਹਿਮਤ ਦਾ ਸਾਗਰ ਹੈ ਤਾਂ ਫਿਰ ਮਨੁੱਖ ਨੂੰ ਆਪਣਾ ਆਪ ਵੀ ਦਇਆ, ਰਹਿਮਤ ਨਾਲ ਸ਼ਿੰਗਾਰਨਾ-ਸਵਾਰਨਾ ਪਵੇਗਾ, ਤਾਂ ਹੀ ਇਹ ਉਸ ਦਾ ਰੂਪ ਹੋ ਸਕੇਗਾ। ਦਇਆ ਦਾ ਖ਼ਜ਼ਾਨਾ ਅਮੁਕ ਹੈ, ਕਦੀ ਮੁਕਣ ਵਾਲਾ ਨਹੀਂ। ਤੁਸੀਂ ਜਿੰਨੇ ਜੀਆਂ ਉਤੇ ਰਹਿਮ, ਤਰਸ, ਦਇਆ ਕਰੋਗੇ, ਉਤਨੇ ਹੀ ਵਧੇਰੇ ਧਰਮਾਤਮਾ ਬਣਦੇ ਜਾਓਗੇ। ਜਪੁਜੀ ਵਿਚ ਧਰਮ ਦਇਆ ਨੂੰ ਭੰਡਾਰਣਿ ਵੀ ਕਿਹਾ ਹੈ–

ਭੁਗਤਿ ਗਿਆਨੁ ਦਇਆ ਭੰਡਾਰਣਿ......॥੨੯॥

ਸੋ ਧਰਮ ਮਰਨਾ ਸਿਖਾਂਦਾ ਹੈ, ਮਾਰਨਾ ਨਹੀਂ। ਸਿਖ ਇਤਿਹਾਸ ਸ਼ਹੀਦੀ ਪਾਉਣ ਵਾਲਿਆਂ ਆਸਰੇ ਜ਼ਿੰਦਾ ਹੈ। ਸਤਿਗੁਰਾਂ ਨੇ ਦਇਆ ਨੂੰ ਇਕ ਥਾਂ ਦੇਵਤਾ ਦੀ ਉਪਾਧੀ ਦਿਤੀ ਹੈ–

ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ ॥
ਦਇਆ ਦੇਵਤਾ ਖਿਮਾ ਜਪਮਾਲੀ, ਤੇ ਮਾਣਸ ਪਰਧਾਨ ॥੧॥੨੧॥ [ਵਾਰ ਸਾਰੰਗ, ਮ: ੧]

ਸੋ ਦਇਆ-ਭਾਵ ਐਸਾ ਮਹਾਨ ਗੁਣ ਹੈ, ਜਿਸ ਦੇ ਸਿਰ ਸਦਕੇ ਕੋਈ ਆਪਣੀ ਜਾਨ ਵੀ ਨਿਛਾਵਰ ਕਰ ਦਿੰਦਾ ਹੈ। ਪਰ ਉਹ ਕਦੀ ਕਿਸੇ ਦੀ ਜਾਨ ਨਹੀਂ ਲੈਂਦਾ, ਇਹ ਸੱਚਾ ਦਿਗੰਬਰ ਮੁਨੀ ਹੈ–

ਦਇਆ ਦਿਗੰਬਰੁ ਦੇਹ ਬੀਚਾਰੀ ॥ ਆਪਿ ਮਰੈ ਅਵਰਾ ਨਹਿ ਮਾਰੀ ॥੩॥੨੫॥ [ਪੰਨਾ ੩੫੬

ਇਸ ਦੇ ਉਲਟ ਜੋ ਲੋਕ ਦਇਆ-ਭਾਵ ਦਾ ਤਿਆਗ ਕਰ ਕੇ ਬੇਰਹਿਮੀ, ਹਿੰਸਾ, ਧੱਕਾ ਤੇ ਜ਼ੋਰ ਜ਼ੁਲਮ ਦੇ ਕਾਰੇ ਕਰਦੇ ਹਨ, ਉਨ੍ਹਾਂ ਦੀ ਕਾਲੀ ਤਸਵੀਰ ਵੀ ਜਪੁਜੀ ਵਿਚ ਅੰਕਿਤ ਹੈ, ਤਾਂ ਜੁ ਜਗਿਆਸੂ ਸਾਵਧਾਨ ਰਹੇ–

ਅਸੰਖ ਗਲਵਢ ਹਤਿਆ ਕਮਾਹਿ ॥ ਅਸੰਖ ਪਾਪੀ ਪਾਪੁ ਕਰਿ ਜਾਹਿ ॥
ਅਸੰਖ ਕੂੜਿਆਰ ਕੂੜੇ ਫਿਰਾਹਿ ॥ ਅਸੰਖ ਮਲੇਛ ਮਲੁ ਭਖਿ ਖਾਹਿ ॥੧੮॥ [ਜਪੁਜੀ]

ਜਿਵੇਂ ਧਰਮ ਦੀ ਮਾਂ ਦਇਆ ਹੈ, ਤਿਵੇਂ ਪਾਪ ਦੀ ਮਾਂ ਬੇਰਹਿਮੀ ਹੈ, ਜੋ ਕਿ ਤਰ੍ਹਾਂ ਤਰ੍ਹਾਂ ਦੇ ਔਗੁਣਾਂ ਦੀ ਔਲਾਦ ਨੂੰ ਜਨਮ ਦਿੰਦੀ ਹੈ। ਗੁਰੂ ਨਾਨਕ ਸਾਹਿਬ ਨੇ ਇਸ ਨੂੰ 'ਕੁਦਇਆ ਕਸਾਇਣਿ' ਕਿਹਾ ਹੈ।

ਸਾਡਾ ਇਸ ਚਰਚਾ ਦਾ ਭਾਵ ਇਤਨਾ ਹੀ ਹੈ ਕਿ ਜਦੋਂ ਮਨੁੱਖੀ ਮਨ ਦਇਆ ਜਾਂ ਤਰਸ ਦੀ ਭਾਵਨਾ ਖ਼ਤਮ ਕਰਵਾ ਦਿੰਦਾ ਹੈ ਤਾਂ ਹੀ ਇਹ ਪਾਪ ਜਾਂ ਔਗੁਣ ਨਮੂਦਾਰ ਹੁੰਦੇ ਹਨ, ਜਿਵੇਂ ਕਿ ਅੰਧੇਰੀ ਰਾਤ ਵਿਚ ਚਮਗਿਦੜ, ਉੱਲੂ ਤੇ ਚੁਗਲ। ਜਿਥੇ ਦਇਆ ਦਾ ਵਾਸਾ ਹੋਵੇ, ਉਥੇ ਕੋਈ ਬੁਰਿਆਈ ਜਾਂ ਔਗੁਣ ਫਟਕ ਨਹੀਂ ਸਕਦਾ।

ਸੋ ਧਰਮ ਦਾ ਸਹੀ ਤਰੀਕਾ ਇਨ੍ਹਾਂ ਔਗੁਣਾਂ ਤੇ ਪਾਪਾਂ ਤੋਂ ਆਪਣੇ ਆਪ ਨੂੰ ਬਚਾਉਣਾ ਹੈ। ਬਚਾਉ ਦੀ ਸੌਖੀ ਵਿਧੀ ਇਹ ਹੈ ਕਿ ਪਰਮੇਸ਼ਰ ਦੇ ਨਾਮ-ਸਿਮਰਨ ਨਾਲ ਮਤਿ ਦੀ ਮੈਲ ਧੋਤੀ ਜਾਵੇ, ਮਨ ਨੂੰ ਸੋਧਿਆ ਜਾਵੇ ਤੇ ਤਨ ਨੂੰ ਘਾਲ ਕਮਾਈ ਦੁਆਰਾ ਆਹਰੇ ਲਾਇਆ ਜਾਵੇ। ਜੇ ਸੱਚ ਪੁਛੋ ਤਾਂ ਨਾਮ ਜਪ ਕੇ ਹਉਮੈ ਨੂੰ ਮਿਟਾਉਣਾ ਆਪਣੇ ਆਪ ਉਤੇ ਦਇਆ ਕਰਨਾ ਹੈ ਤੇ ਕਿਰਤ-ਕਮਾਈ ਕਰ ਕੇ ਵੰਡ ਛਕਣਾ ਜਾਂ ਸਮਾਜ-ਸੇਵਾ ਵਿਚ ਸਭ ਕੁਝ ਲਾਉਣਾ ਹੋਰਾਂ ਉਤੇ ਦਇਆ ਕਰਨਾ ਹੈ।

ਜੇ ਇਸ ਦਇਆ-ਭਾਵ ਵਾਲਾ ਧਰਮ ਅੰਦਰ ਮੌਜੂਦ ਹੈ ਤਾਂ ਫਿਰ ਵੱਡੀ ਤੋਂ ਵੱਡੀ ਸ਼ਕਤੀ ਪਾ ਕੇ ਵੀ ਮਨੁੱਖ ਮਲੀਨ ਨਹੀਂ ਹੁੰਦਾ, ਡਿਗਦਾ ਨਹੀਂ। ਜੇਕਰ ਇਹ ਗੁਣ ਨਾ ਹੋਵੇ ਤਾਂ ਜਿਤਨੀ ਵਧੇਰੇ ਸ਼ਕਤੀ ਮਿਲੇਗੀ, ਉਤਨਾ ਹੀ ਕੋਈ ਵਧੇਰੇ ਅਹੰਕਾਰੀ ਤੇ ਅਤਿਆਚਾਰੀ ਹੋ ਜਾਏਗਾ। ਤੈਮੂਰ, ਚੰਗੇਜ਼ ਤੇ ਔਰੰਗਜ਼ੇਬ ਵਰਗਿਆਂ ਦੀ ਮਿਸਾਲ ਸਾਹਮਣੇ ਹੈ।

ਧਰਮੀ ਪੁਰਸ਼ ਜਿਸ ਰਹੀਮ ਕਰੀਮ ਰੱਬ ਜਾਂ ਕਿਰਪਾਲੂ ਦਿਆਲੂ ਪਰਮੇਸ਼ਰ ਨੂੰ ਮੰਨਦਾ ਹੈ, ਉਸ ਦਾ ਧਿਆਨ ਉਸ ਨੂੰ ਬੇਰਹਿਮ ਜਾਂ ਬੇਤਰਸ ਨਹੀਂ ਹੋਣ ਦਿੰਦਾ। ਇਸੇ ਕਰਕੇ ਦਾ ਦੇ ਨਾਮ ਖ਼ੁਦਾ ਵਿਰਦ ਜਾਂ ਜਾਪ ਸਦਾ ਸਦਾ ਕਰਨ ਦੀ ਤਾਕੀਦ ਹੈ– ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥ ਨਾਨਕ ਗਾਵੀਐ ਗੁਣੀਨਿਧਾਨੁ ॥੫॥ [ਜਪੁਜੀ]


www.AKJ.Org

# ਪੰਜਾਬ ਇਤਿਹਾਸ ਦੀ ਇਕ ਘਟਨਾ

## ਜੰਡ ਝੜੇ, ਪੀਪਲ ਬੜ੍ਹੇ, ਖਾਲਸਾ ਚੜ੍ਹੇ

[ਉਲਥਾਕਾਰ ਪ੍ਰਿੰਸੀਪਲ ਨਾਹਰ ਸਿੰਘ ਜੀ, ਲੁਧਿਆਣਾ]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੰਬੰਧੀ ਇਕ ਸਾਖੀ ਪ੍ਰਚੱਲਤ ਹੈ, ਜੋ ੧੭੦੪ ਈਸਵੀ ਵਿਚ ਵਾਪਰੀ। ਇਹ ਸਾਖੀ ਇਕ ਉਦਾਸੀ ਸਿੱਖ ਸਾਧੂ ਨੇ ੧੭੧੪ ਜਾਂ ੧੭੧੫ ਵਿਚ ਆਪਣੀ ਯਾਦਗਾਰੀ ਕਿਤਾਬ ਵਿਚ ਸੰਖੇਪ ਪਰ ਅਰਥ-ਭਰਪੂਰ ਭਾਸ਼ਾ ਵਿਚ ਲਿਖੀ। ਜਦੋਂ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਸ਼ਾਮਲ ਕਰ ਲਿਆ ਗਿਆ ਤਾਂ ਇਹ ਕਿਤਾਬ ਸਿੱਖ ਸਰਦਾਰਾਂ ਦੀਆਂ ਕਈ ਪਰਾਈਵੇਟ ਲਾਇਬਰੇਰੀਆਂ ਵਿਚ ਸਾਂਭ ਕੇ ਰੱਖੀ ਗਈ। ਉਹਨਾਂ ਵਿਚੋਂ ਇਕ ਸਰਦਾਰ ਅਤਰ ਸਿੰਘ ਸੀ, ਜਿਸ ਨੂੰ 'ਵਿਦਿਆ ਸਾਗਰ' ਆਖਿਆ ਜਾਂਦਾ ਸੀ। ਉਸ ਨੂੰ ਸਾਰੇ ਭਾਰਤ ਵਿਚ ਅਰਬੀ, ਫ਼ਾਰਸੀ ਦਾ ਮਾਹਿਰ ਮੰਨਿਆ ਜਾਂਦਾ ਸੀ। ਉਹ ਅੰਗਰੇਜ਼ੀ ਬਹੁਤ ਚੰਗੀ ਜਾਣਦਾ ਸੀ ਅਤੇ ਸੰਸਕ੍ਰਿਤ ਤੇ ਫ਼ਰਾਂਸੀਸੀ ਵੀ। ਉਸ ਦੇ ਪਾਸ ਹੱਥ-ਲਿਖਤਾਂ ਦੀ ਮਹਾਨ ਲਾਇਬਰੇਰੀ ਸੀ।

### ਮਹਾਰਾਣੀ ਲਈ ਇਕ ਬਚਿਤਰ ਸੁਗਾਤ–

ਪੰਜਾਬ ਦੇ ਅੰਗਰੇਜ਼ੀ ਰਾਜ ਵਿਚ ਸ਼ਾਮਲ ਕਰਨ ਉਪਰੰਤ, ਅਤਰ ਸਿੰਘ ਰਾਣੀ ਵਿਕਟੋਰੀਆ–ਮਹਾਰਾਣੀ ਭਾਰਤ-ਵਰਸ਼–ਦਾ ਹਿਤੋਂ ਚਿਤੋਂ ਸ਼ਰਧਾਲੂ ਸੀ ਅਤੇ ਅਖੀਰ ਉਸ ਨੂੰ ਸਰ (SIR) ਦਾ ਖ਼ਿਤਾਬ ਦਿੱਤਾ ਗਿਆ। ਰਾਣੀ ਵਿਕਟੋਰੀਆ ਚਾਹੁੰਦੀ ਸੀ ਕਿ ਪੰਜਾਬ ਦੀ ਮਹਾਰਾਜਗੀ ਸੰਭਾਲਣ ਲਈ ਇਕ ਰਸਮ ਅਦਾ ਕੀਤੀ ਜਾਵੇ। ਉਸ ਨੇ ਭਾਰਤ ਦੇ ਵੱਡੇ ਵੱਡੇ ਵਫ਼ਾਦਾਰ ਤੇ ਪ੍ਰਭਾਵਸ਼ਾਲੀ ਚੌਧਰੀਆਂ ਨੂੰ ਸੱਦਾ-ਪੱਤਰ ਘੱਲੇ। ਇਹਨਾਂ ਵਿਚ ਅਤਰ ਸਿੰਘ ਵੀ ਸ਼ਾਮਲ ਸੀ। ਉਸ ਨੇ ਮਹਾਰਾਣੀ ਨੂੰ ਸੁਗਾਤ ਦੇਣ ਲਈ ਆਪਣੇ ਅੰਦਰ ਵਿਚਾਰ ਕੀਤੀ, ਅਤੇ ਫ਼ੈਸਲਾ ਕਰ ਲਿਆ ਕਿ ਉਹ ਮਹਾਰਾਣੀ ਨੂੰ ਗੁਰੂ ਜੀ ਦੇ ਸਫ਼ਰਾਂ ਦੀ ਯਾਦਦਾਸ਼ਤ, ਜੋ 'ਪੋਥੀ ਸਾਖੀ' ਨਾਮ ਦੀ ਹੱਥ-ਲਿਖਤ ਵਿਚ ਦਰਜ ਹੈ ਅਤੇ ਜੋ ਕਿਸੇ ਕੱਚੇ ਲੇਖਕ ਦੀ ਲਿਖੀ ਹੋਈ ਹੈ, ਸੁਗਾਤ ਵਜੋਂ ਦੇਵੇਗਾ। ਉਸ ਨੇ ਇਸ ਪੋਥੀ ਦਾ ਅੰਗਰੇਜ਼ੀ ਵਿਚ ਅਨੁਵਾਦ ਕਰ ਲਿਆ ਅਤੇ ਮਹਾਰਾਣੀ ਨੂੰ ਭੇਟਾ ਕੀਤੀ। ਮਹਾਰਾਣੀ ਨੇ ਇਹ ਪੜ੍ਹੀ ਤੇ ਬੜੀ ਪ੍ਰਭਾਵਿਤ ਹੋਈ। ਪ੍ਰਭਾਵਿਤ ਹੋਣ ਦਾ ਇਕ ਹੋਰ ਹੀ ਕਾਰਨ ਸੀ। ਕੇਵਲ ਇਕ ਦਹਾਕਾ ਪਹਿਲਾਂ ਅੰਗਰੇਜ਼ਾਂ ਤੇ ਸਿੱਖਾਂ ਵਿਚ ਅੱਧੀ ਦਰਜਨ ਲੜਾਈਆਂ ਹੋ ਚੁੱਕੀਆਂ ਸਨ। ਭਾਵੇਂ ਇਸ ਦਾ ਪਹਿਲਾਂ ਜ਼ਿਕਰ ਨਹੀਂ ਹੋਇਆ। ਇਤਿਹਾਸਕਾਰ ਮੰਨਦੇ ਹਨ ਕਿ ਉਹਨਾਂ ਦੀਆਂ ਆਪਣੀਆਂ ਇਤਿਹਾਸਕ ਲਿਖਤਾਂ ਅਨੁਸਾਰ ਖਾਲਸਾ ਫ਼ੌਜ ਤੇ ਅੰਗਰੇਜ਼ਾਂ ਵਿਚ ਜੋ ਇਹ ਛੇ ਲੜਾਈਆਂ ਸਾਲ ਭਰ ਹੁੰਦੀਆਂ ਰਹੀਆਂ, ਹਰ ਲੜਾਈ ਵਿਚ ਸਿੱਖਾਂ ਨੇ ਅੰਗਰੇਜ਼ੀ ਫ਼ੌਜਾਂ ਦੀਆਂ ਮਾਰ ਮਾਰ ਕੇ ਗੋਡੀਆਂ ਲੁਆ ਦਿੱਤੀਆਂ। ਇਸ ਖ਼ਾਲਸਾ ਫ਼ੌਜ ਨੂੰ ਪੰਜਾਬ ਹਕੂਮਤ ਵੱਲੋਂ ਤਿਲਾਂਜਲੀ ਦੇ ਦਿੱਤੀ ਗਈ ਸੀ। ਇਸ ਨੂੰ ਨਾ ਖਾਧ-ਖ਼ੁਰਾਕ ਪੁੱਜੀ ਤੇ ਨਾ ਹੀ ਬਾਰੂਦ ਸਿੱਕਾ। ਦੋ ਮੌਕਿਆਂ ਤੇ ਤਾਂ ਇਤਿਹਾਸਕਾਰ ਮੰਨਦੇ ਹਨ ਕਿ ਅੰਗਰੇਜ਼ੀ ਫ਼ੌਜ ਨੂੰ ਹਫੜਾ ਦਫੜੀ ਵਿਚ ਭਾਜੜਾਂ ਪੈ ਗਈਆਂ। ਅਜਿਹੀ ਦੁਰਦਸ਼ਾ ਅੰਗਰੇਜ਼ ਸਿਪਾਹੀਆਂ ਦੀ ਪਹਿਲਾਂ ਕਦੇ ਨਹੀਂ ਸੀ ਹੋਈ, ਭਾਵੇਂ ਉਹ ਬੜੇ ਜਥੇਬੰਦ ਸਨ। ਜੇ ਉਹ ਕਦੇ ਹਾਰੇ ਵੀ ਸਨ ਤਾਂ ਇਸ ਨੂੰ ਹੁਨਰੀ ਦਾਅ-ਪੇਚ ਆਖ ਕੇ ਪਿਛੇ ਹਟੇ। ਪਰ ਸਿੱਖਾਂ ਦੀਆਂ ਲੜਾਈਆਂ ਵਿਚ ਬਿਨਾਂ ਕਿਸੇ ਹੁਕਮ ਦੇ ਉਹ ਸ਼ੇਰਾਂ ਤੋਂ ਡਰੀਆਂ ਭੇਡਾਂ ਦੀ ਤਰ੍ਹਾਂ ਭੱਜ ਗਏ।

ਮਹਾਰਾਣੀ ਵਿਕਟੋਰੀਆ ਨੂੰ ਇਸ ਸਭ ਕੁਝ ਦਾ ਪਤਾ ਸੀ। ਅੰਗਰੇਜ਼ੀ ਲੇਖਕਾਂ ਨੇ ਆਪ ਲਿਖਿਆ ਕਿ ਸੰਸਾਰ ਅੰਦਰ ਅੰਗਰੇਜ਼ਾਂ ਨੂੰ ਆਪਣੀ ਹਕੂਮਤ ਕਾਇਮ ਕਰਨ ਲਈ ਕਿਤੇ ਵੀ ਸਿੱਖ ਸਿਪਾਹੀ ਵਰਗੇ ਅਜਿੱਤ ਦੁਸ਼ਮਣ ਨਾਲ ਟਾਕਰਾ ਨਹੀਂ ਹੋਇਆ। ਰਾਣੀ ਵਿਕਟੋਰੀਆ ਸਿੱਖਾਂ ਦੀ ਇਸ 'ਅਜਿੱਤਤਾ' ਦਾ ਭੇਦ ਜਾਨਣਾ ਚਾਹੁੰਦੀ ਸੀ। ਰਾਣੀ ਨੂੰ ਦੱਸਿਆ ਗਿਆ ਕਿ ਇਹਨਾਂ ਦਾ ਆਪਾ-ਵਾਰੂ ਵਲਵਲਾ ਏਨਾ ਸਖਤ ਜਿਗਰੀ ਬਲਵਾਨ ਹੈ ਕਿ ਇਹਨਾਂ ਨੂੰ ਕੋਈ ਹਰਾ ਨਹੀਂ ਸਕਦਾ। ਤੁਸੀਂ ਇਹਨਾਂ ਨੂੰ ਜਾਨੋਂ ਮਾਰ ਸਕਦੇ ਹੋ, ਪਰ ਇਹਨਾਂ ਨੂੰ ਹਰਾ ਨਹੀਂ ਸਕਦੇ।



www.AKJ.Org

### ਦਰੱਖ਼ਤ ਜੰਡ-ਪਿਪਲ ਦੀ ਗਾਥਾ–

ਜਦੋਂ ਰਾਣੀ ਨੇ 'ਸਾਖੀ ਪੋਥੀ' ਗੁਰੂ ਗੋਬਿੰਦ ਸਿੰਘ ਜੀ ਦੇ ਸਫ਼ਰਾਂ ਦੀ ਯਾਦਗਾਰੀ ਕਿਤਾਬ ਪੜ੍ਹੀ ਤਾਂ ਉਸ ਵਿਚ ਕੇਵਲ ਦੋ ਪੈਰੇ ਦੀ ਇਕ ਕਹਾਣੀ ਪੜ੍ਹੀ। ਉਹ ਕਹਾਣੀ ਇਸ ਪਰਕਾਰ ਹੈ:–ਗੁਰੂ ਜੀ ਦੱਖਣ ਨੂੰ ਸ਼ਹਿਨਸ਼ਾਹ ਔਰੰਗਜ਼ੇਬ ਨੂੰ ਮਿਲ ਕੇ ਆਪੋ ਵਿਚ ਦੇ ਸਾਰੇ ਮਾਮਲਿਆਂ ਦਾ ਫ਼ੈਸਲਾ ਕਰਨ ਲਈ ਜਾ ਰਹੇ ਸਨ। ਉਸ ਸਮੇਂ ਦੇ ਰਿਵਾਜ ਅਨੁਸਾਰ ਗੁਰੂ ਜੀ ਸੱਤ ਅੱਠ ਜਾਂ ਦਸ ਮੀਲ ਨਿੱਤ ਸਫ਼ਰ ਕਰਦੇ ਸਨ। ਕੁਝ ਸਿੱਖ ਪਹਿਲਾਂ ਹੀ ਅੱਗੇ ਜਾ ਕੇ ਕਿਸੇ ਪਿੰਡ ਦੇ ਬਾਹਰਵਾਰ ਪੜਾਅ ਬਣਾ ਲੈਂਦੇ ਸਨ ਅਤੇ ਗੁਰੂ ਜੀ ਹੋਰ ਸ਼ਰਧਾਲੂਆਂ ਸਮੇਤ ਸ਼ਾਮ ਨੂੰ ਉਥੇ ਪੁੱਜ ਜਾਂਦੇ ਸਨ। ਇਸੇ ਤਰ੍ਹਾਂ ਨਿੱਤ ਪ੍ਰੋਗਰਾਮ ਬਣਦੇ ਰਹਿੰਦੇ। ਸਫ਼ਰ ਕਰਨ ਦਾ ਅਜਿਹਾ ਢੰਗ ਭਾਰਤ ਅਤੇ ਦੂਜੇ ਪੂਰਬੀ ਦੇਸ਼ਾਂ ਵਿਚ ਹਜ਼ਾਰਾਂ ਸਾਲਾਂ ਤੋਂ ਚਲਿਆ ਆਉਂਦਾ ਸੀ। ਇਹ ਲਿਖਿਆ ਮਿਲਦਾ ਹੈ ਕਿ ਗੁਰੂ ਜੀ 'ਸਾਖੀ' ਪਿੰਡ ਪੁੱਜ ਗਏ। ਉਥੇ ਉਹਨਾਂ ਦੇ ਨਾਲ ਇਕ ਉਦਾਸੀ ਸਾਧੂ ਵੀ ਸੀ, ਜੋ ਸਫ਼ਰ ਦੀਆਂ ਘਟਨਾਵਾਂ ਲਿਖੀ ਜਾਂਦਾ ਸੀ।

ਗੁਰੂ ਜੀ ਪੂਰਬੀ ਪੰਜਾਬ ਦੇ ਇਕ ਜ਼ਿਲੇ ਵਿਚ ਸਫ਼ਰ ਕਰ ਰਹੇ ਸਨ ਤਾਂ ਇਤਿਹਾਸ-ਲੇਖਕ ਲਿਖਦਾ ਹੈ– "ਅਗਲਾ ਪੜਾਅ ਪਿੰਡ ਸੋਹੇਵਾ ਸੀ, ਜਿਥੇ ਅਧਿਆਤਮਿਕ ਮਾਲਿਕ ਨੇ ਪਵਿੱਤਰ ਚਰਨ ਪਾਏ"। ਇਹ ਪਿੰਡ ਅੱਜ ਵੀ ਵਸਦਾ ਹੈ। ਜਿਥੇ ਗੁਰੂ ਜੀ ਨੇ ਡੇਰਾ ਕੀਤਾ, ਉਥੇ ਜੰਡ ਦੇ ਦਰੱਖ਼ਤਾਂ ਦਾ ਇਕ ਝੁੰਡ ਸੀ ਅਤੇ ਉਹਨਾਂ ਦੇ ਤੰਬੂ ਦੇ ਨਾਲ ਹੀ ਇਕ ਵੱਡਾ ਜੰਡ ਸੀ। ਇਸ ਦਰੱਖ਼ਤ ਦੇ ਤਣੇ ਵਿਚ ਬ੍ਰਾਹਮਣੀ ਅੰਜੀਰ ਦਾ (ਪਿੱਪਲ) ਇਕ ਪੌਦਾ ਉੱਗਿਆ ਹੋਇਆ ਸੀ, ਜੋ ਦੋ ਜ਼ਹਾਨਾਂ ਦੇ ਵਾਲੀ ਨੇ ਸਮਾਧੀ ਅੰਦਰ ਦੇਖਿਆ। ਗੁਰੂ ਜੀ ਦੇ ਇਕ ਸਿੱਖ ਨੇ ਜੰਡ ਤੇ ਚੜ੍ਹ ਕੇ ਅਸਲੀ ਬ੍ਰਾਹਮਣੀ ਪਿੱਪਲ ਦਾ ਪੌਦਾ ਦੇਖਿਆ ਅਤੇ ਉਸ ਦੀ ਲੰਬਾਈ ਦੇਖ ਕੇ ਗੁਰੂ ਜੀ ਨੂੰ ਦੱਸਿਆ। ਤਾਂ ਗੁਰੂ ਜੀ ਬੋਲੇ, "ਭਾਵੇਂ ਆਮ ਤੌਰ ਤੇ ਪਿੱਪਲ ਦੇ ਨਰਮ ਤੇ ਮਲੂਕ ਪੌਦੇ ਰੇਤਲੇ ਥਲਾਂ ਵਿਚ ਨਹੀਂ ਉਪਜਦੇ, ਪਰ ਇਹ ਨਿੱਕਾ ਜਿਹਾ ਪਿੱਪਲ ਮਹਾਨ ਬਲੀ ਰੁਖ ਬਣ ਜਾਵੇਗਾ। ਇਹ ਇਸ ਜੰਡ ਜਿਹਾ ਹੀ ਹੋਵੇਗਾ। ਸਗੋਂ ਜੰਡ ਦੇ ਉਪਰੋਂ ਦੀ ਪੱਸਰ ਜਾਵੇਗਾ। ਠੀਕ ਇਸ ਸਮੇਂ ਮੇਰਾ ਖਾਲਸਾ ਸੰਸਾਰ ਦੀਆਂ ਚਹੁੰਆਂ ਕੂੰਟਾਂ ਵਿਚ ਪੱਸਰ ਜਾਵੇਗਾ ਅਤੇ ਦਿੱਲੀ ਦੀ ਬਾਦਸ਼ਾਹਤ ਪਹਿਲਾ ਇਨਾਮ ਹੋਵੇਗਾ, ਜੋ ਉਹਨਾਂ ਦੀ ਝੋਲੀ ਵਿਚ ਪਵੇਗਾ। ਜਦੋਂ ਪਿੱਪਲ, ਜੰਡ ਦੇ ਉਪਰੋਂ ਦੀ ਪੱਸਰ ਚੁਕੇਗਾ ਤਾਂ ਖਾਲਸਈ ਸੰਪਰਦਾ ਦਾ ਜਜ਼ਬਾ, ਜਿਸ ਨੂੰ ਮੈਂ ਸਰਬ-ਸ਼ਕਤੀਮਾਨ ਅਕਾਲ ਪੁਰਖ ਦੇ ਹੁਕਮ ਅਨੁਸਾਰ ਪ੍ਰਮਾਣਿਤ ਕੀਤਾ ਹੈ; ਇਕ ਸੰਸਾਰੀ ਸਮਾਜ ਦੇ ਨਿਰਮਾਣ ਦਾ ਕਾਰਜ ਆਰੰਭ ਦੇਵੇਗਾ, ਜੋ ਪੰਜ ਹਜ਼ਾਰ ਵਰ੍ਹਿਆਂ ਤਕ ਕਾਇਮ ਰਵੇਗਾ। ਉਹ ਈਸ਼ਵਰੀ ਸਮਾਜ ਸ਼ਾਂਤੀ ਤੇ ਰਸੂਖ(ਤੇਜ ਪਰਤਾਪ) ਦਾ ਅਨੰਦ ਮਾਣੇਗਾ।"

ਜਦੋਂ ਮਹਾਰਾਣੀ ਵਿਕਟੋਰੀਆਂ ਨੇ ਇਹ ਲਫ਼ਜ਼ ਪੜ੍ਹੇ ਅਤੇ ਉਸ ਨੂੰ ਪਤਾ ਸੀ ਕਿ ਸਿੱਖ ਸਿਪਾਹੀ ਦੀ 'ਅਜਿੱਤ ਸੱਤਾ' ਕਿਸੇ ਗੁਪਤ, ਗ਼ੈਬੀ ਸ਼ਕਤੀ ਤੇ ਆਧਾਰਿਤ ਹੈ ਤਾਂ ਉਸ ਨੇ ਕਲਕੱਤੇ ਗਵਰਨਰ ਜਨਰਲ ਨੂੰ ਲਿਖਿਆ, "ਕਿਰਪਾ ਕਰਕੇ ਕਿਸੇ ਨੂੰ ਹੁਕਮ ਕਰੋ ਕਿ ਸੋਹੇਵਾ ਨਾਮ ਦਾ ਪਿੰਡ ਲੱਭੇ ਅਤੇ ਦੇਖੇ, ਜੋ ਜੰਡ ਦੇ ਵਿਚ ਪਿੱਪਲ ਦਾ ਪੌਦਾ ਉਗਿਆ ਹੋਇਆ ਹੈ।" ਦੋ ਤਿੰਨ ਮਹੀਨੇ ਪਿਛੋਂ ਉਤਰ ਆਇਆ, "ਹਾਂ, ਇਹ ਉਥੇ ਹੈ। ਜੰਡ ਦੇ ਥੱਲੇ ਕੱਚਾ ਥੜ੍ਹਾ ਬਣਾਇਆ ਹੋਇਆ ਹੈ, ਜਿਥੇ ਇਕ ਤਪੱਸਵੀ ਰਹਿੰਦਾ ਹੈ, ਜੋ ਇਸ ਦੀ ਪੂਜਾ ਕਰਦਾ ਹੈ।" ਸੋ ਮਹਾਰਾਣੀ ਨੂੰ ਭਰੋਸਾ ਹੋ ਗਿਆ ਕਿ ਠੀਕ ਇਹ ਅਸਥਾਨ ਹੈ। ਉਸ ਨੇ ਫਿਰ ਲਿਖਿਆ, "ਕਿਰਪਾ ਕਰਕੇ ਪਿੱਪਲ ਦੇ ਬੂਟੇ ਦਾ ਕੱਦ ਲਿਖੋ।" ਮਹਾਰਾਣੀ ਦੇ ਹੁਕਮ ਦੀ ਪਾਲਣਾ ਕੀਤੀ ਗਈ ਅਤੇ ਰਪੋਟ ਕੀਤੀ, "ਇਹ ਲਗਪਗ ਡੇਢ ਫੁੱਟ ਉਚਾ ਹੈ ਅਤੇ ਜੰਡ ਦੀ ਟੀਸੀ ਇੰਨੀ ਹੈ।"

ਫਿਰ ਮਹਾਰਾਣੀ ਨੇ ਸ਼ਾਹੀ ਬੋਟੇਨੀਕਲ (ਬਨਸਪਤੀ ਸੰਬੰਧੀ) ਮਾਹਿਰ ਪ੍ਰੋਫ਼ੈਸਰ (Botanical Professor) ਦੇ ਪਾਸ ਇਹ ਮਾਮਲਾ ਭੇਜ ਕੇ ਪੁੱਛ ਕੀਤੀ। ਉਸ ਨੇ ਉਤਰ ਦਿੱਤਾ, "ਮਹਾਰਾਣੀ ਜੀ, ਇਹ ਬੂਟਾ ਬੜੀ ਹੌਲੀ ਹੌਲੀ ਵਧਦਾ ਹੈ। ਜੋ ਉਚਾਈ ਆਪ ਨੇ ਬਿਆਨੀ ਹੈ, ਉਥੇ ਪਹੁੰਚਣ ਲਈ ਇਸ ਨੂੰ ਇਕ ਸੌ ਸਾਲ ਲਗਣਗੇ। ਮਹਾਰਾਣੀ ਜੀ ਨੂੰ ਚੈਨ ਆਇਆ ਅਤੇ ਕਿਸੇ ਮਾਨਸਿਕ ਘਬਰਾਹਟ ਤੋਂ ਬਿਨਾਂ ਸੌਣ ਲੱਗੀ। ਘੱਟੋ ਘੱਟ ਇਕ ਸੌ ਸਾਲ ਤੱਕ ਪੂਰਬ ਵਿਚ ਆਮ ਕਰਕੇ ਤੇ ਭਾਰਤ ਵਿਚ ਖ਼ਾਸ ਕਰਕੇ ਅੰਗਰੇਜ਼ੀ ਰਾਜ ਦੇ ਲਗਾਤਾਰ ਕਾਇਮ ਰਹਿਣ ਦੀ ਜ਼ਾਮਨੀ,



www.AKJ.Org

ਗਾਰੰਟੀ ਹੋ ਗਈ।

ਇਕ ਸੌ ਸਾਲ ਤੱਕ ਅੰਗਰੇਜ਼ਾਂ ਨੇ ਰਾਜ ਕੀਤਾ। ਭਾਰਤ ਵਿਚ ਬੇਅਮਨੀ ਹੋ ਗਈ, ਅੰਗਰੇਜ਼ਾਂ ਨੇ ਭਾਰਤ ਛੱਡ ਜਾਣ ਅਤੇ ਹਕੂਮਤ ਤੇ ਸਿਆਸੀ ਸ਼ਕਤੀ, ਜਿਹੜੀ ਉਹਨਾਂ ਨੇ ਨਾਹਕ ਖੋਹੀ ਸੀ, ਵਾਪਸ ਕਰ ਕੇ ਚਲੇ ਜਾਣ ਦਾ ਫ਼ੈਸਲਾ ਕਰ ਲਿਆ। ਉਹਨਾਂ ਦਿਨਾਂ ਵਿਚ ਪੰਜਾਬ ਦੇ ਇਕ ਜ਼ਿਲੇ ਵਿਚ ਇਕ ਮੁਖੀ ਬ੍ਰਿਟਿਸ਼ ਅਫ਼ਸਰ ਦੇ ਤੌਰ ਤੇ ਨੀਯਤ ਸੀ। ਇਥੋਂ ਸੋਹੇਵਾ ੬੦ ਮੀਲ ਦੂਰ ਸੀ। ਮੈਨੂੰ ਇਸ ਗਾਥਾ ਦੀ ਜਾਣਕਾਰੀ ਸੀ ਅਤੇ ਇਸ ਨੂੰ ਇੰਡੀਆ ਆਫ਼ਿਸ ਲੰਡਨ ਵਿਚ ਦੇਖਿਆ ਸੀ। ਉਪਰਲੀਆਂ ਸਰਕਾਰੀ ਰਿਪੋਰਟਾਂ ਭਾਰਤ ਤੋਂ ੧੮੫੮ ਵਿਚ ਭੇਜੀਆਂ ਗਈਆਂ ਸਨ। ੧੯੪੨ ਵਿਚ ਮੈਂ ਘੋੜੇ ਤੇ ਸਫ਼ਰ ਕਰ ਕੇ ਇਸ ਰੁਖ ਨੂੰ ਦੇਖਣ ਦਾ ਪਰਬੰਧ ਕੀਤਾ ਕਿ ਅੱਜ ਕਲ੍ਹ ਇਸ ਬੂਟੇ ਨੂੰ ਕੀ ਵਾਪਰ ਰਿਹਾ ਹੈ। ਜਦੋਂ ਮੈਂ ਜਾ ਕੇ ਦੇਖਿਆ ਤਾਂ ਇਹ ਜੰਡ ਦੀ ਸਭ ਤੋਂ ਉਚੀ ਟੀਸੀ ਤੋਂ ਢਾਈ ਗਜ਼ ਨੀਵਾਂ ਸੀ। ਇਕ ਛੋਟਾ ਜਿਹਾ ਥੜਾ ਸੀ, ਜਿਸ ਉਪਰ ਇਕ ਸਿੱਖ ਬ੍ਰਿਤੀ ਵਾਲਾ ਸਾਧੂ, ਸੁਆਮੀ ਖੜਾ ਸੀ। ਸੋਹੇਵੇ ਦੇ ਦੁਆਲੇ ਦੇ ਲੋਕ, ਜੋ ਹਿੰਦੂ ਹਨ, ਉਥੇ ਆਉਂਦੇ ਹਨ ਤੇ ਤਿਲ ਫੁਲ ਭੇਟਾ ਕਰਦੇ ਹਨ।

ਮੈਂ ੧੯੪੨ ਤੋਂ ਉਪਰੰਤ ਉਥੇ ਨਹੀਂ ਗਿਆ, ਪਰ ਪਤਾ ਲਗਾ ਹੈ ਕਿ ਪਿੱਪਲ ਲਗਪਗ, ਭਾਵੇਂ ਪੂਰੀ ਤਰ੍ਹਾਂ ਨਹੀਂ, ਜੰਡ ਦੀ ਟੀਸੀ ਤੱਕ ਵਧ ਚੁੱਕਾ ਹੈ। ਇਹ ਅਜੇ ਉਪਰੋਂ ਦੀ ਨਹੀਂ ਪਸਰਿਆ, ਪਰ ਬਰਾਬਰ ਹੋ ਚੁੱਕਾ ਹੈ ਅਤੇ ਪਾਕਿਸਤਾਨ ਵਿਚੋਂ ਉਜੜੇ ਸਿੱਖ ਇਸ ਬੰਜਰ ਰੇਤਲੇ ਇਲਾਕੇ ਵਿਚ ਵਸ ਚੁੱਕੇ ਹਨ ਅਤੇ ਉਹਨਾਂ ਨੇ ਉਸ ਥਾਂ ਤੇ ਸ਼ਾਨਦਾਰ ਗੁਰਦੁਆਰਾ ਉਸਾਰ ਲਿਆ ਹੈ।

**ਅਨੁਵਾਦਕ ਵਲੋਂ ਨੋਟ** :-ਅੱਜ ਕਲ੍ਹ ਦੀਆਂ ਖ਼ਬਰਾਂ ਦੱਸਦੀਆਂ ਹਨ ਕਿ ਹੁਣ ਕੇਵਲ ਪਿੱਪਲ ਹੀ ਥੜੇ ਤੇ ਪੂਰੇ ਜੋਬਨ ਵਿਚ ਅਸਥਿਤ ਹੈ। ਥੜਾ ਗੁਰਦੁਆਰੇ ਦੀ ਕੰਧ ਦੇ ਬਾਹਰਵਾਰ ਇਕ ਛੱਪੜ ਵਿਚ ਹੈ। ਥੜੇ ਤੋਂ ਪਿੱਪਲ ਤੇ ਚੜ੍ਹ ਕੇ ਦੇਖਿਆ ਗਿਆ ਅਤੇ ਜੜ੍ਹਾਂ, ਤਣੇ ਤੋਂ ਵੀ ਘੋਖਿਆ ਗਿਆ ਤਾਂ ਸਪੱਸ਼ਟ ਸਪੁਸ਼ਟ ਹੋਇਆ ਕਿ ਜੰਡ ਦਾ ਨਾਮ-ਨਿਸ਼ਾਨ ਉੱਕਾ ਹੀ ਖ਼ਤਮ ਹੋ ਚੁੱਕਾ ਹੈ। ਜਿਸ ਸਮੇਂ ਨਾਲ ਲਗਦੇ ਛੱਪੜ ਨੇਂ ਵਧਦੇ ਵਧਦੇ ਥੜੇ ਨੂੰ ਘੇਰ ਲਿਆ ਤਾਂ ਪਿੱਪਲ ਨੂੰ ਪਾਣੀ ਮਾਫ਼ਿਕ ਆ ਗਿਆ, ਅਤੇ ਜੰਡ ਨੂੰ, ਜੋ ਸੋਕੇ ਅਤੇ ਖ਼ੁਸ਼ਕੀ ਵਿਚ ਫੈਲਦਾ ਹੈ, ਨਾ-ਮੁਆਫ਼ਿਕ ਤੇ ਹਾਨੀਕਾਰਕ ਸਿਧ ਹੋਇਆ। ਸੋ ਪਿੱਪਲ ਦਿਨਾਂ ਵਿਚ ਹੀ ਵਧ ਗਿਆ ਤੇ ਜੰਡ ਦਿਨਾਂ ਵਿਚ ਹੀ ਭੁਰ ਭੁਰ ਕੇ ਖ਼ਤਮ ਹੋ ਗਿਆ। ਪਿੱਪਲ ਦਾ ਇਹ ਲਛਣ ਆਮ ਮੰਨਿਆ ਗਿਆ ਹੈ ਕਿ ਜਿਸ ਦਰੱਖਤ ਤੇ ਉਗ ਪਵੇ, ਉਸ ਨੂੰ ਖਾ ਜਾਂਦਾ ਹੈ। ਇਲਾਕੇ ਵਿਚ ਆਮ ਬਾਗੜੀ ਲੋਕ ਉਪਰਲੀ ਕਹਾਣੀ ਬਾਰੇ ਚਰਚਾ ਕਰਦੇ ਸੁਣੇ ਗਏ। ਇਸ ਕਹਾਣੀ ਸੰਬੰਧੀ ਸੰਕੇਤ ਸਿੱਖ ਇਤਿਹਾਸ ਵਿਚ ਵੀ ਮਿਲਦੇ ਹਨ। ਇਹ 'ਡਿਗਨਿਟੀ' (Dignity) ਸਪਤਾਹਿਕ ਵਿਚ ੧੩ ਅਕਤੂਬਰ ੧੯੮੫ ਦੇ ਪਰਚੇ ਵਿਚ ਛਪੀ।

ਛੱਪੜ ਦੇ ਕੋਲ ਇਕ ਠਾਕੁਰਦੁਆਰਾ ਵੀ ਹੈ, ਜਿਸ ਨੇ ਪਿੱਪਲ ਦੀ ਮਾਲਕੀ ਤੇ ਹੱਕ ਜਿਤਾਇਆ ਹੈ। ਪਿੱਪਲ ਦੀ ਮਾਲਕੀ ਬਾਰੇ ਠਾਕਰਦੁਆਰੇ ਤੇ ਗੁਰਦੁਆਰੇ ਵਿਚਾਲੇ ਅਦਾਲਤ ਵਿਚ ਦਾਅਵੇ ਦਾਇਰ ਹਨ। ਗੁਰਦੁਆਰੇ ਦੇ ਦੋ ਨੌਜੁਆਨ ਸੇਵਾਦਾਰ ਮੁਕੱਦਮੇ ਦੀ ਪੈਰਵੀ ਕਰਦੇ ਹਨ। ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਇਸ ਪਾਸੇ ਧਿਆਨ ਦੇਵੇ। ਗੁਰਦੁਆਰਾ ਸਾਹਿਬ ਪਾਤਸ਼ਾਹੀ ਦਸਵੀਂ ਕਸਬਾ ਨੋਹਰ, ਜ਼ਿਲਾ ਗੰਗਾਨਗਰ ਦੀ ਪ੍ਰਬੰਧਕ ਕਮੇਟੀ ਸੇਵਾਦਾਰ ਗਭਰੂਆਂ ਦੀ ਸਰਪ੍ਰਸਤੀ ਕਰਦੀ ਹੈ। ਗੁਰਦੁਆਰੇ ਵਿਚ ਲੰਗਰ ਤੇ ਰਾਤ ਵਿਸਰਾਮ ਦਾ ਪਰਬੰਧ ਹੈ। ਸੋਹੇਵਾ ਬਹੁਤ ਵੱਡਾ ਪਿੰਡ ਹੈ, ਕੁਝ ਸਿੱਖ ਜੱਟਾਂ ਦੇ ਘਰ ਵੀ ਹਨ। 'ਸੋਹੇਵਾ' ਹਿਸਾਰ ਤੋਂ ੬੦ ਮੀਲ ਤੇ ਨੋਹਰ ਤੋਂ ੩੦ ਮੀਲ ਦੂਰ ਰਾਜਿਸਥਾਨ ਦੇ ਜ਼ਿਲਾ ਚੁਰੂ ਵਿਚ ਵਸਦਾ ਹੈ। ਨੋਹਰ ਤੋਂ ਅੱਗੇ ਸੋਹੇਵਾ ਜਾਣ ਦਾ ਤਸੱਲੀ-ਬਖ਼ਸ਼ ਪਰਬੰਧ ਨਹੀਂ ਹੈ। ਆਪਣੀ ਸਵਾਰੀ ਹੋਵੇ ਤਾਂ ਠੀਕ ਹੈ।

[ਮੂਲ ਅੰਗਰੇਜ਼ੀ ਲੇਖਕ—ਭਾਈ ਕਪੂਰ ਸਿੰਘ]



www.AKJ.Org

# ਸਤਿਗੁਰ ! ਕਲਜੁਗ ਦੇ ਤੱਤੇ ਝੋਲਿਆਂ ਤੋਂ ਬਚਾਓ !!

ਵੇਖਣ ਸੁਣਨ ਵਿਚ ਆ ਰਿਹਾ ਹੈ ਕਿ ਕਲਜੁਗ ਨੇ ਸਾਡੀ ਨੌਜੁਆਨ ਪੀੜ੍ਹੀ ਨੂੰ ਬੁਰੀ ਤਰ੍ਹਾਂ ਆਪਣੀ ਲਪੇਟ ਵਿਚ ਲਿਆ ਹੋਇਆ ਹੈ। ਸਾਡੇ ਬੱਚੇ ਅੰਮ੍ਰਿਤ ਛਕ ਕੇ, ਬਾਣੀ ਪੜ੍ਹ ਸੁਣ ਕੇ ਵੀ ਗੁਰੂ-ਗਿਆਨ ਦੀ ਕਮਾਈ ਤੋਂ ਵਿਰਵੇ ਹੋ ਰਹੇ ਹਨ ਅਤੇ ਕਲੂ ਦੇ ਅਗਿਆਨ-ਅੰਧੇਰੇ ਵਿਚ ਗੋਤੇ ਖਾ ਰਹੇ ਹਨ। ਟੈਲੀਵੀਯਨਾਂ ਆਦਿ ਦੇ ਭੜਕੀਲੇ, ਚੁਟਕੀਲੇ ਤੇ ਭੜਕਾਊ ਬੋਲਾਂ, ਫ਼ਿਲਮੀ ਰੰਗੀਨੀਆਂ ਅਤੇ ਕਲਜੁਗੀ ਅਸਰ ਹੇਠ ਵਿਚਰ ਰਹੇ ਆਲੇ ਦੁਆਲੇ ਦੇ ਕਈ ਤਰ੍ਹਾਂ ਦੇ ਹਾਵਾਂ ਭਾਵਾਂ ਨੇ ਉਨ੍ਹਾਂ ਨੂੰ ਗੁਰਮਤਿ ਸਹਿਜ-ਜੀਵਨ ਜੀਣ ਤੋਂ ਲਾਂਭੇ ਕਰਨ ਵਿਚ ਕੋਈ ਕਸਰ ਨਹੀਂ ਛਡੀ। ਵੀ. ਸੀ. ਆਰ., ਵੀ.ਡੀ. ਕੈਮਰਿਆਂ ਰਾਹੀਂ ਫ਼ਿਲਮਾਂ ਉਤਾਰਨ ਅਤੇ ਫ਼ੋਟੋਆਂ ਖਿਚਣ ਦੀ ਬਿਮਾਰੀ ਇਤਨੀ ਵਧ ਰਹੀ ਹੈ ਕਿ ਕੀਰਤਨ-ਸਮਾਗਮਾਂ ਅਤੇ ਅਨੰਦ-ਵਿਆਹਾਂ ਆਦਿ ਸਮਿਆਂ ਤੇ ਵੀ ਇਨ੍ਹਾਂ ਦੀ ਇਤਨੀ ਵਰਤੋਂ ਹੁੰਦੀ ਹੈ ਕਿ ਸਿਖ ਸੰਗਤਾਂ ਦੀ ਸੁਰਤੀ ਨਾਮ-ਬਾਣੀ ਤੋਂ ਉਖੇੜ ਕੇ ਇਨ੍ਹਾਂ ਪ੍ਰਦਰਸ਼ਨੀਆਂ ਵਲ ਖਿਚੀ ਜਾਂਦੀ ਹੈ। ਸਿਖ ਨੂੰ ਗੁਰੂ-ਚਰਨਾਂ ਨਾਲੋਂ ਤੋੜਨਾ ਭਾਰੀ ਅਵੱਗਿਆ ਹੈ ਅਤੇ ਗੁਰੂ ਪਾਤਸ਼ਾਹ ਦੀਆਂ ਅਸੀਸਾਂ ਤੇ ਬਖ਼ਸ਼ਸ਼ਾਂ ਲੈਣ ਤੋਂ ਵਿਰਵੇ ਹੋਣਾ ਹੈ।

ਸਾਡੇ ਹੋਨਹਾਰ ਬੱਚੇ ਸਤਸੰਗ-ਮੰਡਲਾਂ ਅਤੇ ਗੁਰਸਿਖ ਸੰਗਤਾਂ ਵਿਚ ਵਿਚਰਨ ਦੀ ਥਾਂ ਸੈਰਗਾਹਾਂ ਅਤੇ ਹੋਰ ਕਲਜੁਗੀ ਪ੍ਰਭਾਵ ਹੇਠ ਹੋ ਰਹੇ ਪ੍ਰੋਗਰਾਮਾਂ ਵਿਚ ਵਿਚਰਨ ਲਈ ਫ਼ੋਟੋ ਕੈਮਰੇ ਫੜੀ ਬੜੇ ਪ੍ਰਸੰਨ ਰਹਿੰਦੇ ਹਨ। ਉਹ ਕਈ ਵਾਰ ਗੁਰੂ ਪਾਤਸ਼ਾਹ ਦੇ ਬਖਸ਼ੇ ਅੰਮ੍ਰਿਤ ਅਤੇ ਰ੍ਹਹਿਤ-ਰਹਿਣੀ ਦੀ ਲਾਜ-ਕੁਲਾਜ ਵੀ ਭੁਲ ਜਾਂਦੇ ਹਨ। ਉਨ੍ਹਾਂ ਦੀਆਂ ਅਜਿਹੀਆਂ ਹਰਕਤਾਂ ਵੇਖ ਕੇ ਕਈ ਵਾਰ ਸ਼ਰਮ ਨਾਲ ਸਿਰ ਨੀਵੇਂ ਹੋ ਜਾਂਦੇ ਹਨ। ਇਸੇ ਤਰ੍ਹਾਂ ਦੀ ਸ਼ਿਕਾਇਤ ਇਕ ਬੇ-ਨਾਮ ਸਜਣ ਇਉਂ ਲਿਖਦੇ ਹਨ–

''ਮਸੂਰੀ ਕੈਮਟੀ-ਫ਼ਾਲ ਤੇ ਉਹ ਬੈਠਾ ਸੀ, ਜੁ ਮੇਰਠ ਦੇ ਤਿੰਨ ਸਿੰਘ ਆਪਣੀਆਂ ਸਿੰਘਣੀਆਂ ਤੇ ਬੱਚਿਆਂ ਸਮੇਤ ਉਥੇ ਆ ਪੁਜੇ, ਜਿਨ੍ਹਾਂ ਦਾ ਉਸ ਦੇ ਹਿਰਦੇ ਵਿਚ ਬੜਾ ਸਤਿਕਾਰ ਮਾਣ ਹੈ। ਇਹ ਬਹੁਤ ਸੋਹਣਾ ਕੀਰਤਨ ਕਰਦੇ ਹਨ। ਇਕ ਬਬੀ ਨੇ ਦਸਤਾਰ ਸਜਾਈ ਹੋਈ ਸੀ। ਉਹ ਸਾਰੇ ਪੈਂਟਾਂ ਤੇ ਸਲਵਾਰਾਂ ਉਚੀਆਂ ਕਰ ਕੇ ਕੈਮਟੀ ਫ਼ਾਲ ਦੇ ਫ਼ੁਟ ਡੇਢ ਫ਼ੁਟ ਡੂੰਘੇ ਪਾਣੀ ਵਿਚ ਉਤਰ ਗਏ ਅਤੇ ਕੈਮਰੇ ਲੈ ਕੇ ਫ਼ੋਟੋਆਂ ਲਈਆਂ ਲਵਾਈਆਂ। ਉਥੇ ਬਿਲਕੁਲ ਕੋਲ ਹੀ ਗੰਦੇ ਅਨਸਰ ਦੇ ਮੁੰਡੇ ਕੁੜੀਆਂ, ਆਦਮੀ ਔਰਤਾਂ, ਬੱਚੇ ਬੱਚੀਆਂ ਆਦਿ ਬੈਠੇ ਆਪੋ ਵਿਚ ਮੱਮਾ-ਠੱਠਾ ਅਤੇ ਹਰ ਤਰ੍ਹਾਂ ਦੇ ਮਜ਼ਾਕ ਕਰਨ ਵਿਚ ਰੁਝੇ ਹੋਏ ਸਨ। ਐਸੇ ਮਾਹੌਲ ਵਿਚ ਵਿਚਰ ਰਹੇ ਲੋਕਾਂ ਨਾਲ ਗੁਰਸਿਖਾਂ ਦਾ ਸਾਂਝਾ ਕਰਨਾ ਵੇਖਕੇ ਉਸ ਵੇਖਣ ਵਾਲੇ ਵੀਰ ਦਾ ਹਿਰਦਾ ਦੁਖਾਂ ਨਾਲ ਭਰ ਗਿਆ।''

ਗੁਰੂ ਕੇ ਅਨਿੰਨ ਸੇਵਕ ਅਤੇ ਗੁਰਮਤਿ ਦੇ ਮਹਾਨ ਵਿਆਖਿਆਕਾਰ ਭਾਈ ਸਾਹਿਬ ਭਾਈ ਗੁਰਦਾਸ ਜੀ ਤਾਂ ਗੁਰਸਿੱਖਾਂ ਨੂੰ ਇਉਂ ਉਪਦੇਸ਼ ਕਰਦੇ ਹਨ–

ਹੋਰਤੁ ਰੰਗਿ ਨ ਰਚੀਐ ਸਭੁ ਕੂੜੁ ਦਿਸੰਦਾ ॥ ਹੋਰਤੁ ਸਾਦਿ ਨ ਲਗੀਐ ਹੋਇ ਵਿਸੁ ਲਗੰਦਾ ॥
ਹੋਰਤੁ ਰਾਗ ਨ ਰੀਝੀਐ ਸੁਣਿ ਸੁਖ ਨ ਲਹੰਦਾ ॥ ਹੋਰ ਬੁਰੀ ਕਰਤੂਤਿ ਹੈ ਲਗੈ ਫਲੁ ਮੰਦਾ ॥
ਹੋਰਤੁ ਪੰਥੁ ਨ ਚਲੀਐ ਠਗੁ ਚੋਰੁ ਮੁਹੰਦਾ ॥ ਪੀਰ ਮੁਰੀਦਾਂ ਪਿਰਹੜੀ ਸਚੁ ਸਚਿ ਮਿਲੰਦਾ ॥੧੧॥ [ਵਾਰ ੨੭

ਅੰਤ ਵਿਚ ਗੁਰੂ-ਚਰਨਾਂ ਵਿਚ ਹੀ ਜੋਦੜੀ ਹੈ ਕਿ ਹੇ ਪਾਤਸ਼ਾਹ ! ਆਪ ਹੀ ਬਖ਼ਸ਼ ਕਰੋ, ਸਾਨੂੰ ਅਤੇ ਸਾਡੇ ਬੱਚਿਆਂ ਨੂੰ ਕਲਜੁਗ ਦੇ ਇਨ੍ਹਾਂ ਤੱਤੇ ਝੋਲਿਆਂ ਤੋਂ ਬਚਾਓ ਅਤੇ ਆਪਣੇ ਚਰਨਾਂ ਨਾਲ ਜੋੜੋ।

---

**ਪਾਠਕ ਜੀ–** (੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਪਰ ਐਡਰੇਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ ਜੀ।

੨) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਵੇਖੋ ਤਾਂ ਉਦੋਂ ਹੀ ਚੰਦਾ ਮਨੀਆਰਡਰ ਕਰਾਓ, ਨਹੀਂ ਤਾਂ ਪਰਚਾ ਬੰਦ ਹੋ ਜਾਸੀ।

੩) ਜੇ ਪਰਚਾ ੧੫ ਤਰੀਕ ਤਕ ਨਾ ਪਹੁੰਚੇ ਤਾਂ ਗੁੰਮ ਹੋ ਗਿਆ ਸਮਝੋ ਅਤੇ ਹੋਰ ਪਰਚਾ ਭੇਜਣ ਲਈ ਕਾਰਡ ਪਾਓ।

੪) ਸ਼ਹੀਦੀ ਫ਼ੰਡ ਦੀ ਰਕਮ 'ਅਖੰਡ ਕੀਰਤਨੀ ਜਥਾ'' ਦੇ ਨਾਂ ਭੇਜੋ, ਹੋਰ ਕਿਸੇ ਨਾਂ ਤੇ ਨਾ ਭੇਜੋ ਜੀ।

੫) ਦੇਸਾਂ ਪਰਦੇਸਾਂ ਤੋਂ ਸੂਰਾ ਪੱਤਰ ਨੂੰ ਅੰਮ੍ਰਿਤਸਰ ਤੋਂ ਬਿਨਾਂ ਕਿਸੇ ਹੋਰ ਸ਼ਹਿਰ ਦੇ ਭੇਜੇ ਚੈਕ ਜਾਂ ਡਰਾਫ਼ਟ ਵਿਚ, ਅਸਲ ਰਕਮ ਤੋਂ ਵਧ ਦਸ ਰੁਪਏ ਬੈਂਕ ਕਮਿਸ਼ਨ ਭੇਜੋ ਜੀ।

www.AKJ.Org

# ਕੇਸ ਢੱਕ ਕੇ ਰਖਣੇ ਜ਼ਰੂਰੀ ਹਨ

ਗੁਰਮਤਿ ਨੂੰ ਪਰਚਾਰਨ ਵਾਲੇ ਸਾਡੇ ਕਈ ਧਾਰਮਿਕ ਰਸਾਲੇ ਗੁਰਮਤੀ ਸੇਧਾਂ ਦੇਂਦਿਆਂ ਕੇਸ ਢਕ ਕੇ ਰਖਣ ਬਾਰੇ ਅਤਿ ਜ਼ਰੂਰੀ ਲੇਖ ਲਿਖਦੇ ਰਹਿੰਦੇ ਹਨ। ਉਹ ਸਮੇਂ ਸਮੇਂ ਸਿੰਘਾਂ ਨੂੰ ਸੁਚੇਤ ਕਰਦੇ ਹੋਏ ਲਿਖ ਰਹੇ ਹਨ–

ਗੁਰਸਿਖ ਨੂੰ ਕੇਸ ਤਾਂ ਆਪਣੀ ਜਾਨ ਤੋਂ ਵਧ ਪਿਆਰੇ ਹਨ। ਇਨ੍ਹਾਂ ਕਰਕੇ ਹੀ ਉਹ ਸਿੱਖੀ ਪਰਵਾਰ ਨਾਲ ਜੁੜਿਆ ਹੈ। ਕੇਸ ਸਿੱਖੀ ਦੀ ਪਹਿਚਾਨ ਹਨ। ਕੇਸਾਂ ਨਾਲ ਹੀ ਸਿੱਖੀ ਦੀ ਸ਼ਾਨ ਹੈ ਅਤੇ ਹੋਂਦ ਵੀ। ਕੇਸ, ਜੋ ਸਿੱਖੀ ਦੀ ਆਨ ਸ਼ਾਨ ਹਨ, ਇਨ੍ਹਾਂ ਦੀ ਰਾਖੀ ਕਰਨੀ, ਗੁਰੂ ਪਾਤਸ਼ਾਹ ਦਾ ਸਾਡੇ ਲਈ ਸਭ ਤੋਂ ਉੱਪਰ ਹੁਕਮ ਹੈ। ਸੰਭਾਲ ਹੁੰਦੀ ਹੈ ਕੇਵਲ ਦਸਤਾਰ ਨਾਲ। ਦਸਤਾਰ ਨਾ ਬੰਨ੍ਹਣਾ ਜਾਂ ਨੰਗੇ ਸਿਰ ਰਹਿਣਾ ਸਿੱਖੀ ਡਿਸਿਪਲਨ ਦੇ ਵਿਰੁਧ ਹੈ ਅਤੇ ਕੇਸਾਂ ਦੀ ਮਹਾਨ ਬੇਅਦਬੀ ਹੈ। ਨੰਗੇ ਕੇਸਾਂ ਵਿਚ ਮਿਟੀ ਘਟਾ ਪੈਂਦਾ ਹੈ, ਜਿਨ੍ਹਾਂ ਦਾ ਵਧ ਤੋਂ ਵਧ ਸਤਿਕਾਰ, ਹਰ ਗੁਰਸਿਖ ਦਾ ਫ਼ਰਜ਼ ਹੈ ਹੈ। ਰਹਿਤਨਾਮਿਆਂ ਵਿਚ ਵੀ ਇਹੋ ਹੁਕਮ ਹੈ। ਨੰਗੇ ਕੇਸੀਂ ਲੰਗਰ-ਪਾਣੀ ਛਕਣਾ ਜਾਂ ਜੰਗਲ-ਪਾਣੀ ਜਾਣ ਉਪਰ ਤਾਂ ਉੱਕਾ ਹੀ ਪਾਬੰਦੀ ਹੈ। ਵਡੀ ਦਸਤਾਰ ਹੇਠਾਂ ਇਕ ਛੋਟੀ ਦਸਤਾਰ ਦਾ ਵੀ ਨਿਯਮ ਹੈ, ਰਾਤ-ਪ੍ਰਭਾਤੇ, ਨੇੜੇ ਤੇੜੇ ਵਡੀ ਦਸਤਾਰ ਤੋਂ ਬਿਨਾਂ ਥੋੜਾ ਕੰਮ ਉਸ ਛੋਟੀ ਦਸਤਾਰ ਨਾਲ ਵੀ ਲਿਆ ਜਾ ਸਕਦਾ ਹੈ।

ਕਈ ਮਿਸਾਲਾਂ ਦੇ ਕੇ ਸਾਰ-ਸਿੱਟਾ ਇਹੋ ਕਢਿਆ ਜਾਂਦਾ ਹੈ ਕਿ ਗੁਰਸਿਖ ਨੇ ਕਦੇ ਨੰਗੇ ਸਿਰ ਨਹੀਂ ਰਹਿਣਾ ਅਤੇ ਸਿਰ ਨੂੰ ਢਕ ਕੇ ਰਖਣਾ ਹੈ। ਸਾਡੇ ਰਸਾਲੇ ਇਸ ਤਰ੍ਹਾਂ ਦੇ ਲੇਖ ਦੇ ਕੇ ਮਹਾਨ ਉਤਮ ਸੇਵਾ ਨਿਭਾ ਰਹੇ ਹਨ ਅਤੇ ਗੁਰੂ ਕੇ ਹੁਕਮ ਸਿਖ ਸੰਗਤਾਂ ਨੂੰ ਦ੍ਰਿੜ੍ਹ ਕਰਾਉਣ ਦਾ ਫ਼ਰਜ਼ ਨਿਭਾ ਰਹੇ ਹਨ।

ਪਰ ਅਜਿਹੇ ਲੇਖਾਂ ਨੂੰ ਪੜ੍ਹ ਕੇ ਇਹੋ ਗੱਲ ਹੀ ਪਲੇ ਪੈਂਦੀ ਹੈ ਕਿ ਸਿਖ ਵੀਰਾਂ ਲਈ ਹੀ ਨੰਗੇ ਸਿਰ ਰਹਿਣਾ ਮਨਮਤ ਹੈ ਅਤੇ ਕੇਸਾਂ ਦੀ ਮਹਾਨ ਬੇਅਦਬੀ ਹੈ। ਕੀ ਸਿੱਖਾਂ ਦੀ ਅਰਧ-ਸਰੀਰੀ (ਅਰਧੰਗੀਆਂ) ਇਸਤ੍ਰੀਆਂ ਨੂੰ ਇਨ੍ਹਾਂ ਹੁਕਮਾਂ ਤੋਂ ਛੋਟ ਹੈ ? ਕੀ ਸਿਖ ਇਸਤ੍ਰੀਆਂ ਨੇ ਅੰਮ੍ਰਿਤ ਦਾ ਭਾਈਵਾਲ ਨਹੀਂ ਬਣਨਾ ? ਕੀ ਸਿੱਖ ਬੀਬੀਆਂ ਨੂੰ ਨੰਗੇ ਝਾਟੇ ਗਲੀਆਂ ਮਹੱਲਿਆਂ ਅਤੇ ਬਜ਼ਾਰਾਂ ਵਿਚ ਨੰਗੇ ਸਿਰ ਫਿਰਨ ਦੀ ਖੁਲ੍ਹੀ ਛੁੱਟੀ ਹੈ ? ਕੀ ਸਿੱਖ ਭੈਣਾਂ ਨੂੰ ਨੰਗੇ ਸਿਰ ਰਸੋਈ ਵਿੱਚ ਰੋਟੀ ਪਾਣੀ ਲੰਗਰ ਤਿਆਰ ਕਰਨ ਦੀ ਪੂਰਨ ਆਜ਼ਾਦੀ ਹੈ ? ਕੀ ਸਿਖ ਬੀਬੀਆਂ ਦੇ ਕੇਸਾਂ ਦੀ ਆਨ-ਸ਼ਾਨ ਅਤੇ ਕੇਸਾਂ ਦਾ ਸਤਿਕਾਰ ਨੰਗੇ-ਝਾਟੇ ਫਿਰਨ ਵਿਚ ਹੈ ?

ਸਿੱਖ ਇਸਤ੍ਰੀਆਂ ਦੇ ਕੇਸਾਂ ਦੀ ਸੰਭਾਲ ਕਿਵੇਂ ਤੇ ਕਾਹਦੇ ਨਾਲ ਹੁੰਦੀ ਹੈ ? ਸਿਖ ਸਦਾਉਣ ਵਾਲੀਆਂ ਬੀਬੀਆਂ ਘਟੇ ਮਿਟੀ ਤੋਂ ਆਪਣੇ ਕੇਸਾਂ ਨੂੰ ਕਿਵੇਂ ਬਚਾ ਸਕਦੀਆਂ ਹਨ ? ਸਿਖ ਬੀਬੀਆਂ ਦੀ ਪਛਾਣ ਕਿਵੇਂ ਹੋ ਸਕਦੀ ਹੈ ? ਕੀ ਸਿਖ ਬੀਬੀਆਂ ਦਾ ਵੀ ਕੇਸਾਂ ਦੀ ਸੰਭਾਲ ਲਈ ਕੋਈ ਫ਼ਰਜ਼ ਹੈ ? ਇਹ ਹਨ ਕੁਝ ਪ੍ਰਸ਼ਨ, ਜਿਨ੍ਹਾਂ ਬਾਰੇ ਸਿਖ ਧਰਮ ਨੂੰ ਉਜਾਗਰ ਕਰਨ ਵਾਲੇ ਗੁਰਮਤੀ ਸੇਧਾਂ ਦੇਣ ਵਾਲੇ ਸਾਡੇ ਰਸਾਲਿਆਂ ਨੂੰ ਕੁਝ ਦਸਣ ਦੀ ਲੋੜ ਹੈ। ਸਿਖ ਬੀਬੀਆਂ ਨੂੰ, ਇਸ ਹੋ ਰਹੀ ਮਨਮਤ ਤੋਂ ਰੋਕਣ ਲਈ ਉਹ ਕਿਉਂ ਚੁਪ ਸਾਧੀ ਬੈਠੇ ਹਨ ?


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ (ਕ੍ਰਈ ਵਾਧਿਆਂ ਸਮੇਤ੧੦ ਚਿਤਰ,੨੭੨ ਪੰਨੇ, ਸੁੰਦਰ ਦੱਖ)੧੦-੦੦

| | | | | |
|---|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪-੦੦ | ਗੁਰਬਾਣੀ ਦੀ ਪਾਰਸਕਲਾ(ਭਾ:ਸਾਹਿਬ ਕ੍ਰਿਤ) | | ੧-੦੦ |
| ਕਸਕੀ (ਦਸਤਾਰ) | ੧-੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ,, | ੧-੫੦ |
| ਖ਼ਾਲਸਾ ਰਹਿਤ ਮਰਯਾਦਾ (ਟਰੈਕਟ) | ੨-੦੦ | ਕੀ ਕੇਸ ਰਖਣੇ ਜ਼ਰਰੀ ਹਨ ? | ,, | ੦-੬੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ,, | ੦-੫੦ |
| ਤਉ ਕਿਉ ਮੁਰਗੀ ਮਾਰੈ (ਠਲਵਾੜਾ ਜੀ) | ੧-੫੦ | ਗੁਰਮਤਿ ਅਨਹਦ ਸ਼ਬਦ | ,, | ੦-੫੦ |
| HAIR—A Divine Gift | 0-40 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ | ,, | ੦-੫੦ |
| Dawn of Divine Wisdom | 0-75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ | ,, | ੧-੦੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ | ੧-੮੦ | ਜਬ ਲਗ ਖਾਲਸਾ ਰਹੈ ਨਿਆਰਾ | ,, | ੦-੭੫ |
| ਗੁਰਬਾਣੀ ਰਹਿਤਨਾਮਾ (੬੦ ਪੰਨੇ) | ੧-੦੦ | ਰਾਗਮਾਲਾ ਬਾਰੇ ਵਿਚਾਰ (ਉਘੇ ਵਿਦਵਾਨ) | | ੧-੫੦ |



www.AKJ.Org

# ਸਿਖ ਸਮਾਜ-ਸੁਧਾਰ ਸੁਸਾਇਟੀ ਦਿੱਲੀ ਵਲੋਂ ਬੇਨਤੀ

ਸਮੂਹ ਸਿੱਖ ਬਰਾਦਰੀ ਕਾਫ਼ੀ ਸਮੇਂ ਤੋਂ ਬੜੀ ਗੰਭੀਰਤਾ ਨਾਲ ਮਹਿਸੂਸ ਕਰ ਰਹੀ ਹੈ ਕਿ ਸਿੱਖ-ਸੰਗਤਾਂ ਨੂੰ ਸਤਿਗੁਰੂ ਜੀ ਨੇ ਸਿੱਖੀ ਦਾ ਇਕ ਅਣਮੋਲ ਵਿਰਸਾ ਅਤੇ ਸੁਭ ਗੁਣਾਂ ਦੇ ਅਮੁਕ ਭੰਡਾਰ ਬਖ਼ਸ਼ ਦੇ ਇਕ ਅਤਿਅੰਤ ਪ੍ਰਗਤਿਸ਼ੀਲ, ਅਗਾਂਹ-ਵਧੂ, ਦੂਰਦਰਸ਼ੀ ਅਤੇ ਵਿਵੇਕਪੂਰਨ ਜੀਵਨ ਜੀਣ ਦੀ ਜਾਚ ਦੱਸੀ ਸੀ, ਪਰ ਅਸੀਂ ਖੋਖਲੇ ਵਿਖਾਵੇ ਦੇ ਅਧੀਨ ਅਜਿਹੇ ਕੁਰਾਹੇ ਪੈ ਗਏ ਹਾਂ ਕਿ ਸਾਡਾ ਸਾਰਾ ਸਮਾਜਕ ਜੀਵਨ ਹੀ ਦੂਸ਼ਿਤ ਹੋ ਰਿਹਾ ਹੈ। ਵਿਸ਼ੇਸ਼ ਕਰਕੇ, ਵਿਆਹ-ਸ਼ਾਦੀਆਂ ਦੇ ਸੰਬੰਧ ਵਿਚ ਝੂਠੀ ਮਾਇਆ ਅਤੇ ਝੂਠੇ ਅਭਿਮਾਨ ਦੇ ਪ੍ਰਗਟਾਵੇ ਖ਼ਾਤਰ ਅਸਾਂ ਆਪਣਾ ਸਮਾਜਕ ਸਰੂਪ ਹੀ ਵਿਗਾੜ ਲਿਆ ਹੈ। ਸਾਨੂੰ ਕੇਵਲ ਆਪਣੇ ਆਪ ਤੋਂ ਹੀ ਸ਼ਰਮ ਮਹਿਸੂਸ ਨਹੀਂ ਹੁੰਦੀ, ਸਗੋਂ ਸਮ-ਕਾਲੀ ਬ੍ਰਾਦਰੀਆਂ ਦੀਆਂ ਨਜ਼ਰਾਂ ਵਿਚ ਵੀ ਅਸੀਂ ਹਾਸੋ-ਹੀਣੇ ਅਤੇ ਘ੍ਰਿਣਾ ਦੇ ਭਾਗੀ ਬਣ ਰਹੇ ਹਾਂ।

ਅਸੀਂ ਫੋਕੀ ਵਾਹ ਵਾਹ ਅਤੇ ਜ਼ਬਾਨ ਦੇ ਕੌੜੇ ਸਵਾਦਾਂ ਖ਼ਾਤਰ ਕਈ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ਨੂੰ, ਜਿਸ ਨੂੰ ਪ੍ਰਗਟ ਗੁਰਾਂ ਕੀ ਦੇਹ ਮੰਨਦੇ ਹਾਂ, ਹੋਟਲਾਂ ਅਤੇ ਕਲੱਬਾਂ ਵਿਚ ਲਿਜਾ ਕੇ, ਅਦਬ ਸਤਿਕਾਰ ਰਖਣ ਦੀ ਥਾਂ ਨਿਰਾਦਰੀ ਤੇ ਬੇਹੁਰਮਤੀ ਦੇ ਭਾਗੀ ਬਣਦੇ ਹਾਂ।

ਕੀ ਸਾਨੂੰ, ਇਹ ਸ਼ੋਭਾ ਦੇਂਦਾ ਹੈ ਕਿ ਅਸੀਂ ਮਾਇਆ ਦੀ ਨੁਮਾਇਸ਼ ਖ਼ਾਤਰ ਸ਼ਾਦੀਆਂ ਵਿਚ ਭੰਗੜੇ ਨਾਚ, ਸ਼ਰਾਬਾਂ ਅਤੇ ਜੈਮਾਲਾ ਵਰਗੀਆਂ ਕੁਰੀਤੀਆਂ ਨਾਲ, ਜਿਹੜੀਆਂ ਸਿਖ ਮਰਯਾਦਾ ਦੇ ਵਿਰੁਧ ਹਨ, ਆਪਣੇ ਆਪ ਨੂੰ ਕਲੰਕਤ ਕਰੀਏ ?

ਸਿਖ ਭਾਈਚਾਰੇ ਦੀ ਇਸ ਵੰਗਾਰ ਅਤੇ ਸਮੇਂ ਦੀ ਪੁਕਾਰ ਨੂੰ ਸੁਣ ਕੇ ਦਿੱਲੀ ਦੇ ਵਖੋ ਵਖ ਇਲਾਕਿਆਂ ਦੇ ਸਿਖ ਪਤਵੰਤਿਆਂ ਨੇ ਮਿਲ ਕੇ ਵਿਆਹ-ਸ਼ਾਦੀਆਂ ਦੇ ਸੰਬੰਧ ਵਿਚ ਰਾਤ ਦੀ ਬਰਾਤ ਦੇ ਢੁਕਾਉ ਦੀ ਸਖ਼ਤ ਮਨਾਹੀ ਦਾ ਫ਼ੈਸਲਾ ਕੀਤਾ ਹੈ ਅਤੇ ਇਹ ਮੱਤਾ ਪਾਸ ਕੀਤਾ ਹੈ–

"ਸਾਰੇ ਅਨੰਦ-ਕਾਰਜ ਸਵੇਰੇ ਗੁਰਦੁਆਰੇ ਅੰਦਰ ਹੀ ਕੀਤੇ ਜਾਣ ਅਤੇ ਵੈਸ਼ਨੋ ਪ੍ਰੀਤੀ ਭੋਜਨ ਗੁਰਦੁਆਰੇ ਵਿਚ ਹੀ ਦਿਤਾ ਜਾਏ। ਜੇ ਗੁਰਦੁਆਰੇ ਅੰਦਰ ਲੰਗਰ ਦੀ ਜਗ੍ਹਾ ਤੰਗ ਹੋਵੇ ਤਾਂ ਬਾਹਰ ਟੈਂਟ ਲਗਾ ਕੇ ਵੈਸ਼ਨੋ ਭੋਜਨ ਕੀਤਾ ਜਾ ਸਕਦਾ ਹੈ।"

---


# ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟ੍ਰੈਕਟ

| | | | |
|---|---|---|---|
| ਗੁਰਮਤਿ ਨਾਮ ਅਭਿਆਸ ਕਮਾਈ | ੧੩-੫੦ | ਜੇਲ੍ਹ ਚਿੱਠੀਆਂ | ੩੦-੦੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੧੨-੫੦ | ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫-੦੦ |
| ਗੁਰਮਤਿ ਲੇਖ | ੧੨-੫੦ | ਅਣਡਿੱਠੀ ਦੁਨੀਆ | ੧੯-੦੦ |
| ਗੁਰਮਤਿ ਪ੍ਰਕਾਸ਼ | ੧੧-੦੦ | ਚਰਨ ਕਮਲ ਕੀ ਮਉਜ | ੭-੫੦ |
| ਗੁਰਮਤਿ ਵਿਚਾਰ | ੧੪-੦੦ | ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ? | ੭-੫੦ |
| ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬-੦੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਅੰਮ੍ਰਿਤ ਕੀ ਹੈ ? | ੨-੫੦ | ਸ਼ੰਕਿਆਂ ਦੇ ਉਤਰ | ੨-੦੦ |
| ਅੰਮ੍ਰਿਤ ਕਲਾ | ੧-੫੦ | ਨਾਮ ਸੰਬੰਧੀ ਵਿਚਾਰ | ੧-੭੫ |
| ਸਿੰਘਾਂ ਦਾ ਪੰਥ ਨਿਰਾਲਾ | ੧-੫੦ | ਆਸਤਕ ਤੇ ਨਾਸਤਕ | ੦-੭੫ |
| ਉਮਰ ਕੈਦੀ ਦਾ ਸੁਪਨਾ | ੧-੨੫ | ਬਾਬਾ ਵੈਦ ਰੋਗੀਆਂ ਦਾ | ੧-੦੦ |
| ਵਾਹਿਗੁਰੂ ਦੇ ਪਰਤੱਖ ਦਰਸ਼ਨ | ੧-੦੦ | ਸਿੱਖੀ ਸਿਦਕ ਤੇ ਧਰਮ ਰਖਿਆ | ੧-੦੦ |
| ਵਾਹਿਗੁਰੂ ਸਿਮਰਨ | ੦-੭੫ | ਕੋ ਵਿਰਲਾ ਗੁਰਮਤਿ ਚਲੈ ਜੀਉ | ੦-੭੫ |
| ਸੱਚੀਆਂ ਦਾੜ੍ਹੀਆਂ ੦-੭੫ ਸਿਖ ਕੌਣ ਹੈ ? | ੦-੭੫ | ਤਿਮਰ ਅਗਿਆਨ ਤੋਂ ਉਜਿਆਰਾ | ੦-੫੦ |


www.AKJ.org

## ਅਖੰਡ ਕੀਰਤਨੀ ਜਥਾ ਯੂ. ਕੇ (ਇੰਗਲੈਂਡ) ਵਲੋਂ ਗੁਰਮਤਿ ਸਮਾਗਮ

(1) ਜਥੇ ਦਾ ਮੇਨ ਤੇ ਇੰਟਰਨੈਸ਼ਨਲ ਪ੍ਰੋਗਰਾਮ ਕੀਰਤਨ ਰੈਣ ਸਬਾਈ 26.8.90 ਐਤਵਾਰ ਰਾਤ ਨੂੰ ਗੁ: ਸ੍ਰੀ ਗੁਰੂ ਸਿੰਘ ਸਭਾ, ਹੈਵਲਾਕ ਰੋਡ, ਸਾਊਥਾਲ ਵਿਖੇ, ਗੁਰਦਵਾਰਾ ਫੋਨ 081-574-8901
ਭਾਈ ਸਤਿੰਦਰਸਿੰਘ ਫ਼ੋਨ 081-574-8349, ਭਾਈ ਬਲਬੀਰ ਸਿੰਘ 081-843-1692

(2) ਸ੍ਰੀ ਅਖੰਡਪਾਠ 24 ਤੋਂ 26 ਅਗਸਤ, ਬੀਬੀ ਸੁਰਿੰਦਰ ਕੌਰ, 41-Blyth Road, HAYES, Middx
ਫੋਨ 081-569-1977, ਭਾਈ ਬਲਬੀਰ ਸਿੰਘ 081-843-1692

(3) ਅਨੰਦ ਕਾਰਜ 18.8.90 ਨੂੰ ਬੀਬੀ ਹਰਜੀਤ ਕੌਰ ਦਾ ਕਾਕਾ ਕਰਮਜੀਤ ਸਿੰਘ ਨਾਲ, ਗੁਰਦਵਾਰਾ ਸ੍ਰੀ ਗੁਰੂ ਹਰਿ ਰਾਇ ਸਾਹਿਬ, ਹਾਈ ਸਟਰੀਟ ਬ੍ਰਹਮਵਿਚ, ਬਰਮਿੰਘਮ ਵਿਖੇ, ਫ਼ੋਨ 021-420-4015 ਅਤੇ 021-565-1794

(4) ਰੈਣ ਸਬਾਈ ਕੀਰਤਨ 8.9.90 ਸ਼ਨੀਵਾਰ ਰਾਤ, ਗੁਰਦਵਾਰਾ ਗੁਰੂ ਗੋਬਿੰਦ ਸਿੰਘ, ਲੀਡ ਰੋਡ, ਬਰੇਡਫੋਰਡ-3 ਵਿਖੇ, ਗੁਰਦਵਾਰਾ ਫੋਨ 0274-737898, ਭਾਈ ਗੁਰਨਾਮ ਸਿੰਘ 0274-491351

ਯੂ.ਕੇ. ਵਿਚ ਚੰਦੇ ਤੇ ਹੋਰ ਰਕਮਾਂ ਜਮ੍ਹਾ ਕਰਾਣ ਲਈ ਪਤਾ (ਫੋਨ 0734-67900)
Bhai Gurnam Singh, 10-Lambourne Gardens. Earley Redding, Berks, U.K.

## ਟੋਰਾਂਟੋ (ਕੈਨੇਡਾ) ਵਿਖੇ ਸਾਲਾਨਾ ਸਮਾਗਮ ਖ਼ੂਬ ਰੰਗਾਂ ਵਿਚ ਹੋਏ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਯਾਦ ਵਿਚ ਸਾਲਾਨਾ ਸਮਾਗਮ ਬਹੁਤ ਚੜ੍ਹਦੀਆਂ ਕਲਾਂ ਵਿਚ ਹੋਏ ਅਤੇ ਕੀਰਤਨ ਤੇ ਸ਼ਬਦ-ਧੁਨੀਆਂ ਵਿਚ ਗੜੂੰਦ ਸੰਗਤਾਂ ਦੀ ਹਾਜ਼ਰੀ ਵਿਚ ਸਮਾਪਤ ਹੋਇਆ। ਇੰਗਲੈਂਡ, ਅਮਰੀਕਾ, ਨਿਊਯਾਰਕ, ਨਿਊ-ਜਰਸੀ, ਕੈਨੇਡਾ ਦੇ ਹੋਰ ਸ਼ਹਿਰਾਂ ਅਤੇ ਵੈਨਕੂਵਰ ਦੇ ਖਾਲਸਾ ਸਕੂਲ ਚੋਂ ਸਟਾਫ਼ ਦੇ ਗੁਰਸਿਖ ਵੀਰ ਪੁਜੇ। ਭਾਈ ਜੀਵਨ ਸਿੰਘ ਜੀ ਮਾਂਟ੍ਰੀਅਲ ਤੋਂ ਸੰਗਤਾਂ ਨਾਲ ਪੁਜੇ ਅਤੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੀਆਂ ਯਾਦਗਾਰੀ ਰੀਤਾਂ ਤੇ ਗੁਰਮੁਖੀ ਜੀਵਨ ਗੁਰਬਾਣੀ ਰਾਹੀਂ ਪ੍ਰਗਟਾਇਆ ਅਤੇ ਭਾਈ ਸਾਹਿਬ ਕ੍ਰਿਤ ਟਰੈਕਟ ਵੰਡੇ। ਅੰਮ੍ਰਿਤ ਸੰਚਾਰ ਸਮਾਗਮ ਵੀ ਚੜ੍ਹਦੀਆਂ ਕਲਾਂ ਵਿਚ ਹੋਏ। ਨਾਲ ਹੀ ਇਕ ਛੋਟੇ ਜਿਹੇ ਸੈਮੀਨਾਰ ਵਿਚ "ਸਿੱਖੀ ਗੋਰਿਆਂ ਦੀ ਨਜ਼ਰ ਵਿਚ" ਬਾਰੇ ਵੀਚਾਰ ਹੋਈ ਅਤੇ ਦਸਿਆ ਗਿਆ ਕਿ ਕਿਵੇਂ ਗ਼ਲਤ ਤੌਰ ਤੇ ਐਨਸਾਈਕਲੋਪੀਡੀਆ ਵਿਚ ਸਿੱਖੀ ਨੂੰ ਗ਼ਲਤ ਦਰਸਾਇਆ ਗਿਆ ਹੈ। ਗ਼ਲਤ-ਬਿਆਨੀਆਂ ਦੇ ਉਤਰ ਲਈ ਪੰਥਕ ਸੰਸਥਾਵਾਂ ਨੂੰ ਪ੍ਰੇਰਨਾ ਕੀਤੀ ਗਈ।

---

## ਸ਼ਹੀਦੀ ਤੇ ਪੀੜਤ ਪਰਵਾਰਾਂ ਲਈ ਪੁਜੀ ਸਹਾਇਤਾ

| | | | |
|---|---|---|---|
| Cpl. ਕੁਲਦੀਪ ਸਿੰਘ, ਜਲਾਹਲੀ ਵੇਸਟ | 100-00 | ਸ: ਅਵਤਾਰ ਸਿੰਘ ਅਟਵਾਲ, Pudsey ਯੂ.ਕੇ | 301-00 |
| ਸ: ਪੂਰਨ ਸਿੰਘ, ਮਿੱਠਾਪੁਰ | 650-00 | ਸ: ਲਛਮਣ ਸਿੰਘ ਕੋਕਰੀ ਫੂਲ ਸਿੰਘ (ਫ਼ਰੀਦਕੋਟ) | 50-00 |
| ਸ: ਅਮਰ ਸਿੰਘ, ਥੈਪਿੰਗ ਪਾਰਕ (ਮਲੇਸ਼ੀਆ) | 79-00 | ਸ: ਪਰਮਤੇਜ ਸਿੰਘ, ਸ਼ਿਮਲਾ | 150-00 |
| ਸ: ਦਰਸ਼ਨ ਸਿੰਘ, ਮੂਲੀਆਂਵਾਲ | 30-00 | ਮੈਸਰਜ਼ ਪਰਮਜੀਤ ਮੋਟਰਜ਼, ਖੰਨਾ | 70-00 |
| ਸ: ਗੁਰਦਿਆਲ ਸਿੰਘ Indina Polis ਅਮਰੀਕਾ | | ਭਾਈ ਜੀਵਨ ਸਿੰਘ ਜੀ ਰਾਗੀ | 12000-00 |
| ਬੀ: ਸੁਰਜੀਤ ਕੌਰ ਦੀ ਅੰਤਮ ਅਰਦਾਸ ਸਮੇਂ ਚੜ੍ਹਾਵਾ | 5465-00 | ਸ: ਬਲਬੀਰ ਸਿੰਘ ਵਿਰਕ, ਲੰਡਨ ਯੂ.ਕੇ | 350-00 |
| ਯੂਨੀਵਰਸਲ ਸਪੇਅਰ ਸੈਂਟਰ, ਲੁਧਿਆਣਾ | 100-00 | ਸ: ਜੀਤ ਸਿੰਘ ਹਲਵਾਰਾ | 100-00 |

**ਸੋਧ**—ਜੁਲਾਈ ਸੂਰਾ ਵਿਚ ਸ: ਰਣਧੀਰ ਸਿੰਘ ਧਨੌਲਾ ਵਲੋਂ ਸ਼ਹੀਦੀ ਫ਼ੰਡ ਲਈ 110-00 ਰੁਪਏ ਪੁਜੇ ਸਨ, 1100-00 ਗ਼ਲਤ ਹੈ।

## ਪੀੜਤ ਪਰਵਾਰਾਂ ਨੂੰ ਦਿਤੀ ਗਈ ਸਹਾਇਤਾ

| | |
|---|---|
| ਸ: ਗੁਰਦਿਆਲ ਸਿੰਘ ਪੁਤਰ ਅਮਰ ਸਿੰਘ ਬਿਸ਼ਨਪੁਰਾ(ਕਪੂਰਥਲਾ) ਧਰਮੀ ਫ਼ੌਜੀ ਰਿਹਾਈ ਪਿਛੋਂ ਬਿਮਾਰ ਲੋੜਾਂ ਲਈ | ੪੦੦੦-੦੦ |
| ਬੀ: ਮਨਜੀਤ ਕੌਰ ਪਤਨੀ ਭਾ: ਗੁਰਨਾਮ ਸਿੰਘ, ਪੰਜ ਗਰਾਈਆਂ— ਪਤੀ ਸ਼ਹੀਦ, ਬੱਚਿਆਂ ਦੀ ਪੜ੍ਹਾਈ | ੫੦੦੦-੦੦ |
| ਬੀ: ਗੁਰਦੇਵ ਕੌਰ ਮਾਤਾ ਬਲਬੀਰਸਿੰਘ, ਪ੍ਰਤਾਬਪੁਰਾ (ਜਲੰਧਰ) ਪੁਲਸ-ਤਸ਼ੱਦਦ ਕਾਰਨ ਪੁਤਰ ਨਕਾਰਾ,ਇਲਾਜਲਈ | ੩੦੦੦-੦੦ |
| ਧਰਮੀ ਫ਼ੌਜੀ ਅਤੇ ੬ ਪੀੜਤ ਪਰਵਾਰਾਂ ਨੂੰ ਬੈਂਕ ਰਾਹੀਂ ਮਾਸਕ ਸਹਾਇਤਾ | ੧੩੦੦-੦੦ |
| ਸਰਦਾਰਨੀ ਅਮਰ ਕੌਰ ਪਤਨੀ ਸਵਰਗੀ ਭਾਈ ਭਜਨ ਸਿੰਘ ਜੀ (ਮਦਰਾਸੀ ਪਰਵਾਰ) | ੨੦੦-੦੦ |

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | | |
|---|---|---|---|
| ਸ: ਕੰਵਰਜੀਤ ਸਿੰਘ, ਲੁਧਿਆਣਾ | ੧੦੦-੦੦ | ਸ: ਗੁਰਦੀਪ ਸਿੰਘ, ਅੰਮ੍ਰਿਤਸਰ | ੧੩੯-੦੦ |
| ਸ: ਹਰਭਜਨ ਸਿੰਘ, ਜੈਪੁਰ | ੧੦੧-੦੦ | ਭਾਈ ਜੀਵਨ ਸਿੰਘ ਜੀ ਰਾਗੀ | ੫੦੦੦-੦੦ |
| ਸ: ਇਕਬਾਲ ਸਿੰਘ, ਮੇਰਠ | ੩੦੦-੦੦ | ਸ: ਕਸ਼ਮੀਰ ਸਿੰਘ ਯੂ.ਕੇ. | ੧੩੦-੦੦ |
| ਸ: ਤ੍ਰਿਲੋਚਨ ਸਿੰਘ, ਬਰਮਿੰਘਮ ਯੂ.ਕੇ. | ੭੦੦-੦੦ | ਸ: ਹਰਬਖ਼ਸ਼ ਸਿੰਘ ਸਰਾਏ ਚੇਟਹਮ ਯੂ. ਕੇ. | ੨੮੦-੦੦ |
| ਸ: ਗੁਰਨਾਮ ਸਿੰਘ, ਰੈਡਿੰਗ ਯੂ.ਕੇ, | ੧੪੦੦-੦੦ | | |

www.AKJ.Org

ਦਿਲੀ ਸਾਲਾਨਾ ਅਖੰਡ ਕੀਰਤਨ ਸਮਾਗਮ ੨੭ਤੋਂ ੩੦ ਸਤੰਬਰ ਸਵੇਰ ਤਕ,ਵੇਰਵਾ ਆਉਂਦੇ'ਸੂਰਾ'ਵਿਚ

## ਬਟਾਲਾ ਵਿਖੇ ਸਾਲਾਨਾ ਕੀਰਤਨ ਸਮਾਗਮ

੨੩ ਅਗਸਤ ਸਵੇਰੇ ਕੀਰਤਨ ਉਪਰੰਤ ਸ੍ਰੀ ਅਖੰਡਪਾਠ ਅਰੰਭ, ਸ਼ਾਮ ੭ ਤੋਂ ੯ ਸੋਦਰ ਦੀ ਚੌਕੀ, ੨੪ ਅਗਸਤ ਸਵੇਰੇ ੬ ਤੋਂ ੧੦ ਅਖੰਡ ਕੀਰਤਨ, ਸ਼ਾਮ ਨੂੰ ਸੋਦਰ ਦੀ ਚੌਕੀ, ੨੫ ਅਗਸਤ ਸਵੇਰੇ ਅਖੰਡ ਪਾਠ ਦੇ ਭੋਗ ਉਪਰੰਤ ਦੁਪਹਿਰ ੧੨ ਵਜੇ ਤਕ ਕੀਰਤਨ, ਸ਼ਾਮ ਨੂੰ ਸੋਦਰ ਤੋਂ ਉਪਰੰਤ ਰੈਣ ਸਬਾਈ ਕੀਰਤਨ ਅਤੇ ਅੰਮ੍ਰਿਤ-ਸਿੰਚਾਰ। ੨੬ ਅਗਸਤ ਐਤਵਾਰ ਸਵੇਰੇ ੭ ਵਜੇ ਸਮਾਪਤੀ। ਸਾਰਾ ਪ੍ਰੋਗਰਾਮ ਗੁਰੂ ਨਾਨਕ ਸੀਨੀਅਰ ਸੈਕੰਡਰੀ ਸਕੂਲ (ਗੁਰੂ ਨਾਨਕ ਨਗਰ, ਗੁਰਦਾਸਪੁਰ ਰੋਡ) ਵਿਖੇ ਹੋਵੇਗਾ।

ਦਾਸਰੇ—ਅਖੰਡ ਕੀਰਤਨੀ ਜਥਾ ਜ਼ਿਲਾ ਗੁਰਦਾਸਪੁਰ

## ਚੰਡੀਗੜ੍ਹ ਦਾ ਸਾਲਾਨਾ ਕੀਰਤਨ ਸਮਾਗਮ ਅਕਤੂਬਰ ਵਿਚ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗਦੀ ਗੁਰਪੁਰਬ ਸਮੇਂ ਹੋਵੇਗਾ। ਬਟਾਲੇ ਸਮਾਗਮ ਦੀਆਂ ਤਰੀਕਾਂ ਰਲ ਜਾਣ ਕਰਕੇ ਅਗਸਤ ਵਿਚ ਨਹੀਂ ਹੋ ਰਿਹਾ।

## ਪਠਾਣਕੋਟ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ ੬ ਤੋਂ ੯ ਸਤੰਬਰ ਸਵੇਰ ਤਕ

੬ ਤੋਂ ੮ ਸਤੰਬਰ ਸ੍ਰੀ ਅਖੰਡਪਾਠ, ੮ ਸਤੰਬਰ ਸਵੇਰੇ ਅਖੰਡਪਾਠ ਦੇ ਭੋਗ ਉਪਰੰਤ ਦੁਪਹਿਰ ਤਕ ਅਖੰਡ ਕੀਰਤਨ, ਸ਼ਾਮ ਨੂੰ ਅੰਮ੍ਰਿਤ-ਸਿੰਚਾਰ ਤੇ ਰੈਣ ਸਬਾਈ ਕੀਰਤਨ। ੯ ਸਤੰਬਰ ਐਤਵਾਰ ਸਵੇਰੇ ਸਮਾਪਤੀ। ਸਾਰਾ ਪ੍ਰੋਗਰਾਮ ਗੁ: ਸਿੰਘ ਸਭਾ ਰੇਲਵੇ, ਨੇੜੇ ਜਨਰਲ ਬਸ ਸਟੈਂਡ ਵਿਖੇ ਹੋਵੇਗਾ।

## ਗੁ: ਪਾਤਸ਼ਾਹੀ ੬ ਪੁਲ ਪੁਖਤਾ (ਟਾਂਡਾ) ਸਾਲਾਨਾ ਸਮਾਗਮ ੧੩ ਤੋਂ ੧੫ ਸਤੰਬਰ, ਵੇਰਵਾ ਉਡੀਕੋ

## ਪਿੰਡ ਵੜਿੰਗ ਨੇੜੇ ਖਡੂਰ ਸਾਹਿਬ ਵਿਖੇ ਸ੍ਰੀ ਅਖੰਡਪਾਠ ਅਤੇ ਕੀਰਤਨ

੧੩ ਤੋਂ ੧੫ ਅਗਸਤ ਬੁਧਵਾਰ ਤਕ ਸ਼ਹੀਦ ਭਾਈ ਅਨੋਖ ਸਿੰਘ ਬੱਬਰ ਦੀ ਯਾਦ ਵਿਚ ਹੋਣਗੇ।

## ਮਾਸਕ ਰੈਣ ਸਬਾਈ ਕੀਰਤਨ ਪਿੰਡ ਟੂਸੇ (ਲੁਧਿਆਣਾ) ਵਿਖੇ ੧੮ ਅਗਸਤ ਸ਼ਨੀਵਾਰ ਰਾਤ ਨੂੰ

ਗੁ: ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਤੋਂ ਸ਼ਾਮ ੬-੩੦ ਨੂੰ ਗੱਡੀ (ਗੁਰੂ ਕੀ) ਟੂਸੇ ਲਈ ਚਲੇਗੀ।

## ਗੁ: ਬਾਬਾ ਬੰਦਾ ਸਿੰਘ ਜੀ ਕਲਾਨੌਰ ਵਿਖੇ ਰੈਣ ਸਬਾਈ ਕੀਰਤਨ ੧੮ ਅਗਸਤ ਸ਼ਨੀਵਾਰ ਰਾਤ ਨੂੰ

## ਪਿੰਡ ਫ਼ੇਰ (ਅੰਮ੍ਰਿਤਸਰ) ਵਿਖੇ ੪ ਅਗਸਤ ਨੂੰ ਭੋਗ ਅਖੰਡਪਾਠ ਤੇ ਰੈਣ ਸਬਾਈ ਕੀਰਤਨ

## ਭਾ: ਸਾ: ਭਾਈ ਰਣਧੀਰ ਸਿੰਘ ਨਿਤਨੇਮ ਉਤਸ਼ਾਹਤ ਸਕੀਮ

ਹਰ ਸਾਲ ਵਾਂਗ ਇਸ ਸਕੀਮ ਅਧੀਨ ਪ੍ਰਾਇਮਰੀ ਤੋਂ ਕਾਲਜ ਤਕ ਦੀ ਤਾਲੀਮ ਪਾ ਰਹੇ ਅੰਮ੍ਰਿਤਧਾਰੀ ਬੱਚੇ ਬੱਚੀਆਂ ਦੀ ਪ੍ਰੀਖਿਆ ਦਿੱਲੀ ਦੁਸਹਿਰੇ ਕੀਰਤਨ ਸਮਾਗਮ ਸਮੇਂ ਹੋਵੇਗੀ। ਪ੍ਰੀਖਿਆ ਵਿਚ ਸ਼ਾਮਲ ਹੋਣ ਵਾਲੇ ਬੱਚੇ ਲੁੜੀਂਦੇ ਫ਼ਾਰਮ ਸਕੱਤਰ, ਭਾ: ਸਾ: ਭਾਈ ਰਣਧੀਰ ਸਿੰਘ ਟ੍ਰਸਟ, ੨੩-ਜੀ, ਸਰਾਭਾ ਨਗਰ, ਲੁਧਿਆਣਾ ਤੋਂ ਮੰਗਵਾ ਕੇ, ਠੀਕ ਢੰਗ ਨਾਲ ਭਰ ਕੇ, ਵਾਪਸ ਉਸੇ ਪਤੇ ਤੇ ਲੁਧਿਆਣੇ ੧੦ ਸਤੰਬਰ ਤਕ (ਵਕਤ ਸਿਰ) ਭੇਜ ਦੇਣ।

ਖ਼ਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ

ਡਰਾਫ਼ਟ, ਮਨੀਆਰਡਰ ਤੇ ਚਿੱਠੀ ਪੱਤਰ ਭੇਜਣ ਦਾ ਪਤਾ

'ਸੂਰਾ' ਮੰਥਲੀ, ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ

www.AKJ.Org